ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

AUG 1979

ਅਗਸਤ ੧੯੭੯

ਮਾਨਯਵਰ ਬਾਊ ਮਲ ਸਿੰਘ ਜੀ



ਆਪ ਜੀ ੨੩ ਜੁਲਾਈ ੧੯੭੯ ਨੂੰ ਗੁਰਪੁਰੀ ਸਿਧਾਰ ਗਏ

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ


| | | |
|---|---|---|
| ਅਖੰਡ ਕੀਰਤਨ-ਉਚਾਰਣੀ ਨਿਰਬਾਣ ਕਥਾ (ਵਿਆਖਿਆ) | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਲੋਅ ਲਗ ਗਈ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੫ |
| ਬਿਨੁ ਸੰਗਤਿ ਮੈਲੁ ਭਰੀਜੈ ਜੀਉ | ਪ੍ਰੋਫੈਸਰ ਹਰਬੰਸ ਸਿੰਘ ਜੀ | ੧੦ |
| ਅਬਦਾਲੀ, ਸਿਖ ਤੇ ਘਲੂਘਾਰਾ (੧੨) | ਕੈਪਟਨ ਸਵਰਨ ਸਿੰਘ ਜੀ | ੧੪ |
| ਗੁਰਬਾਣੀ ਵਿਚ ਯਯੇ ਅਖਰ ਦੀ ਬਹੁ-ਭਾਂਤੀ ਵਰਤੋਂ | ਸੰਪਾਦਕ ਭਾਈ ਜੋਗਿੰਦਰ ਸਿੰਘ ਜੀ | ੨੧ |
| ਰੰਗ ਰਤੜੇ ਬਾਊ ਮਲ ਸਿੰਘ ਜੀ | 'ਸੂਰਾ' ਪਰਵਾਰ | ੩੯ |


ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਹਿਲਾ ਪ੍ਰਕਾਸ਼ ੨੩ ਅਗਸਤ

ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ੨੪ ਅਗਸਤ — ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ ੨੫ ਅਗਸਤ

੧ ਓ ਵਾਹਿਗੁਰੂ ਜੀ ਕੀ ਫਤਹ ॥

ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ ॥

ਅਖੰਡ ਕੀਰਤਨੀ ਜਥੇ ਦੇ ਨਿਰਮੋਲਕ ਰਤਨ, ਗੁਰਮੁਖਿ ਪਿਆਰੇ, ਨਾਮ ਰਸੀਏ, ਬੈਰਾਗੀ ਜੋਗੀ, ਮਾਨਯਵਰ ਬਾਊ ਮਲ ਸਿੰਘ ਜੀ ਸੌ ਸਾਲ ਦੀ ਆਯੂ ਭੋਗ ਕੇ, ਗੁਰੂ ਗੁਰੂ ਜਪਦੇ ਤੇ ਗੁਰਬਾਣੀ ਗਾਉਂਦੇ ੨੩ ਜੁਲਾਈ ੧੯੭੯ ਸੋਮਵਾਰ ਦਿਨ ਦੇ ਸਾਢੇ ਯਾਰ੍ਹਾਂ ਵਜੇ ਗੁਰ-ਚਰਨਾਂ ਵਿਚ ਜਾ ਬਿਰਾਜੇ ਹਨ ।

ਆਪ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ "ਪੂਰਬ ਜਨਮ ਕੇ ਮਿਲੇ ਸਜੋਗੀ" ਅਤੇ ੧੯੧੨ ਤੋਂ ਅੰਮ੍ਰਿਤ ਸਿੰਚਾਰ ਵਿਚ ਪੰਜਾਂ ਪਿਆਰਿਆਂ ਦੀ ਤੇ ਜਥੇਦਾਰੀ ਦੀ ਸੇਵਾ ਨਿਭਾਉਂਦੇ ਚਲੇ ਆ ਰਹੇ ਸਨ ।

ਮਾਨਯਵਰ ਬਾਊ ਜੀ ਦੇ ਨਮਿਤ ਆਪ ਜੀ ਦੇ ਗ੍ਰਿਹ ਤਰਨ ਤਾਰਨ, ਪਲਾਸੌਰ ਰੋਡ, ਗਲੀ ਬਾਊ ਮਲ ਸਿੰਘ ਵਿਖੇ ੫ ਅਗਸਤ ੧੯੭੯ ਐਤਵਾਰ ਸਵੇਰੇ ਸਾਢੇ ਪੰਜ ਵਜੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਦੇ ਦੀਵਾਨ ਸਜਣਗੇ । ਵਿਛੜੀ ਰੂਹ ਨੂੰ ਅਸੀਸੜੀਆਂ ਦੇਣ ਲਈ ਆਪ ਜੀ ਆਇ ਦਰਸ਼ਨ ਬਖਸ਼ੋ ਜੀ ।

ਖਾਲਸਾ ਜੀ ਦਾ ਸੇਵਕ :—
ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੮.੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



## ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ | ਅਗਸਤ ੧੯੭੯ | ਅੰਕ ੮


# ਅਖੰਡ ਕੀਰਤਨ-ਉਚਾਰਣੀ ਨਿਰਬਾਣ ਕਥਾ

[ ਵਿਆਖਿਆ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ]

### ਰਾਮਕਲੀ ਮਹਲਾ ੪

ਰਾਮ ਜਨਾ ਮਿਲਿ ਭਇਆ ਅਨੰਦਾ ਹਰਿ ਨੀਕੀ ਕਥਾ ਸੁਨਾਇ ॥
ਦੁਰਮਤਿ ਮੈਲੁ ਗਈ ਸਭ ਨੀਕਲਿ ਸਤਸੰਗਤਿ ਮਿਲਿ ਬੁਧਿ ਪਾਇ ॥੧॥
ਰਾਮ ਜਨ ਗੁਰਮਤਿ ਰਾਮੁ ਬੋਲਾਇ ॥
ਜੋ ਜੋ ਸੁਣੈ ਕਹੈ ਸੋ ਮੁਕਤਾ ਰਾਮ ਜਪਤ ਸੋਹਾਇ ॥੧॥ਰਹਾਉ॥
ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥
ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥੨॥
ਹਰਿ ਕੇ ਲੋਗ ਰਾਮ ਜਨ ਨੀਕੇ ਭਾਗਹੀਣ ਨ ਸੁਖਾਇ ॥
ਜਿਉ ਜਿਉ ਰਾਮੁ ਕਹਹਿ ਜਨ ਊਚੇ ਨਰ ਨਿੰਦਕ ਡੰਸੁ ਲਗਾਇ ॥੩॥




www.AKJ.Org

ਧ੍ਰਿਗੁ ਧ੍ਰਿਗੁ ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥
ਸੇ ਹਰਿ ਕੇ ਚੋਰ ਵੇਮੁਖ ਮੁਖ ਕਾਲੇ ਜਿਨ ਗੁਰ ਕੀ ਪੈਜ ਨ ਭਾਇ ॥੪॥
ਦਇਆ ਦਇਆ ਕਰਿ ਰਾਖਹੁ ਹਰਿ ਜੀਉ ਹਮ ਦੀਨ ਤੇਰੀ ਸਰਣਾਇ ॥
ਹਮ ਬਾਰਿਕ ਤੁਮ ਪਿਤਾ ਪ੍ਰਭ ਮੇਰੇ ਜਨ ਨਾਨਕ ਬਖਸਿ ਮਿਲਾਇ ॥੫॥੨॥

[ਪੰਨਾ ੮੮੦-੮੧

ਵਾਹਿਗੁਰੂ ਨਾਮ ਦੇ ਰਸੀਆਂ, ਰਲਿਆਲੀਏ-ਜਨਾਂ ਦਾ ਪਰਸਪਰ ਮਿਲ ਕੇ ਆਨੰਦ-ਸਮਾਗਮੀ ਇਕੱਠ ਜਦ ਹੁੰਦਾ ਹੈ ਤਾਂ ਉਸ ਇਕੱਠ ਵਿਖੇ ਵਾਹਿਗੁਰੂ ਨਾਮ ਗੁਰਬਾਣੀ ਦੀ ਅਖੰਡ-ਕੀਰਤਨ-ਉਚਾਰਣੀ-ਨਿਰਬਾਣ-ਕਥਾ ਸ੍ਰਵਣਾਂ ਵਿਚਿ ਪੈਂਦੀ ਹੈ ਤਾਂ ਮਹਾਂ ਆਨੰਦ ਆਉਂਦਾ ਹੈ । ਇਸ ਪੰਗਤੀ ਦਾ ਭਾਵ ਦਸਦਾ ਹੈ ਕਿ ਗੁਰੂ ਘਰ ਅੰਦਰਿ ਕਿਸੀ ਇਕ ਇਕੱਲੇ ਕਥੋਗੜ ਗਿਆਨੀ ਦੀ ਫੋਕਟ ਕਥਾ ਨਹੀਂ ਸੁਣੀ ਜਾਂਦੀ, ਬਲਕਿ ਸਾਰਾ ਸਮਾਗਮ ਹੀ ਅਖੰਡ ਨਾਮ ਅਭਿਆਸੀਆਂ ਦੇ ਖੰਡਾ ਖੜਕੋਸੀਆਂ ਦਾ ਸੰਗਮ ਹੀ ਰਲ ਮਿਲ ਕੇ ਪਰਸਪਰ ਇਹ ਆਨੰਦ-ਮਈ ਕੀਰਤਨ ਕਥਾ ਕਰਦਾ ਸੁਣਦਾ ਹੈ । ਜਿਸ ਅਖੰਡ ਕੀਰਤਨੀ ਕਥਾ ਦੇ ਸੁਣਨ ਕਥਿ ਸੁਣਨਹਾਰਿਆਂ, ਸਰੋਤੇ ਜਨਾਂ ਦੀ ਦੁਰਮਤਿ ਮੈਲ ਸਭ ਨਿਕਲ ਜਾਂਦੀ ਹੈ । ਇਹ ਅਖੰਡ ਕੀਰਤਨ ਕਥਾ ਸਰੋਤਨੀ ਗੁਰਮਤਿ ਬੁਧਿ ਗੁਰੂ ਘਰ ਦੀ ਸਤਸੰਗਤਿ ਵਿਖੇ ਹੀ ਮਿਲ ਕੇ ਉਦੀਪਤਿ ਹੁੰਦੀ ਹੈ । ਵਾਹਿਗੁਰੂ ਨਾਮ ਦੇ ਰਸੀਏ ਜਦੋਂ ਵਾਹਿਗੁਰੂ ਨਾਮ ਦੀ ਧੁਨੀ ਉਠਾਉਂਦੇ ਹਨ ਉਸ ਉਤਮ ਧੁਨੀ ਨੂੰ ਜੋ ਜੋ ਸੁਣਦਾ ਹੈ ਅਤੇ ਧੁਨਦਾ (ਉਚਾਰਦਾ) ਹੈ ਸੋ ਜੀਵਨ-ਮੁਕਤਾ ਬਸ ਇਸ ਬਿਧਿ ਖੰਡਾ ਖੜਕਾਉਂਦਾ ਹੀ ਸੋਹਦਾ ਹੈ । ਜਿਨ੍ਹਾਂ ਦੇ ਭਾਗ ਮਸਤਕ ਉਤੇ ਪੂਰਬਲੇ ਸੰਜੋਗ ਕਰਕੇ ਵਡੇ ਭਾਗ ਲਿਖੇ ਹੋਏ ਹੁੰਦੇ ਹਨ ਓਹੀ ਇਸ ਨਾਮ ਅਭਿਆਸੀਆਂ ਅਕੱਥ ਅਕੱਥਾਸੀਆਂ ਦੇ ਸੰਗਮ ਵਿਚਿ ਸ਼ਾਮਲ ਹੁੰਦਾ ਹੈ ਅਤੇ ਰਾਮ ਜਨਾਂ ਦਾ ਪਾਰਸ ਰੂਪੀ ਦਰਸ਼ਨ ਪਰਸ ਕੇ ਪਰਫੁਲਤ ਹੁੰਦਾ ਹੈ । ਗੁਰੂ ਸਾਹਿਬ ਅਤੇ ਗੁਰਮੁਖਿ ਜਨਾਂ ਦੀ ਹਰਦਮ ਇਹੀ ਅਕਾਂਖਿਆ ਰਹਿੰਦੀ ਹੈ ਕਿ ਹੇ ਪ੍ਰੇਮ ਅਖਾੜੇ ਦੇ ਸੰਤ ਜਨੋ ! ਕਿਰਪਾ ਕਰ ਕੇ ਇਹ ਆਨੰਦ ਸਮਾਗਮੀ ਦਰਸ਼ਨ ਦਿੰਦੇ ਹੀ ਰਹੋ । ਜਿਸ ਕਰਕੇ ਸਭ ਦੁਖ ਦਲਿਦਰ ਦੂਰ ਹੁੰਦੇ ਹੀ ਰਹਿਣ । ਇਸ ਸਤਿਸੰਗ-ਮੰਡਲੀ-ਸਮਾਗਮ ਵਿਚ ਸਜੇ ਹੋਏ ਵਾਹਿਗੁਰੂ ਪਰਮਾਤਮਾ ਦੇ ਵਰੋਸਾਏ ਹੋਏ ਇਕ ਤੋਂ ਇਕ ਚੜ੍ਹਦੇ ਗੁਰਮੁਖ ਜਨ ਚੰਗੇ ਤੋਂ ਚੰਗੇ ਨਾਮ ਰਸੀਏ ਪਰਸਪਰ ਮਿਲ ਕੇ ਨਾਮ ਅਭਿਆਸ ਖੰਡੇ ਦੀਆਂ ਘੁਮਰਾਂ ਪਾਉਂਦੇ ਹਨ । ਪਰ ਭਾਗ ਹੀਣਾਂ ਨੂੰ ਓਹ ਸੁਖਾਵੇਂਦੇ ਨਹੀਂ । ਜਿਉਂ ਜਿਉਂ ਨਾਮ ਖੜਗੇਸੀ ਗੁਰਮੁਖਿ ਜਨ ਉਚੀ ਉਚੀ ਨਾਮ ਦਾ ਖੰਡਾ ਖੜਕਾਉਂਦੇ ਹਨ ਤਿਉਂ ਤਿਉਂ ਨਿੰਦਕ ਨਰਾਂ ਦੇ ਮਨਾਂ ਤਨਾਂ ਵਿਚਿ ਬਿੱਛੂ ਦੇ ਡੰਗ ਸਾਰਖੇ ਡੰਗ ਚੁਭਦੇ ਹਨ । ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਐਸੇ ਨਰ-ਨਿੰਦਕਾਂ ਦਾ ਧ੍ਰਿਗ ਧ੍ਰਿਗ ਜਨਮ ਹੈ ਜਿਨ੍ਹਾਂ ਨੂੰ ਹਰਿ ਕੇ ਸਖਾ ਸਖਾਇ ਐਸੇ ਨਾਮ ਦੇ ਅਭਿਆਸੀ ਜਨ ਗੁਰਮੁਖਿ ਪਿਆਰੇ ਨਹੀਂ ਭਾਉਂਦੇ, ਓਹ ਹਰਿ ਕੇ ਚੋਰ ਹਨ, ਗੁਰੂ ਤੋਂ ਬੇਮੁਖ ਹਨ । ਕਾਲੇ ਮੂੰਹਾਂ ਵਾਲੇ ਨਿੰਦਕ ਹਨ, ਜਿਨ੍ਹਾਂ ਨੂੰ ਵਾਹਿਗੁਰੂ ਨਾਮ ਦੀ ਪੈਜ ਨਹੀਂ ਭਾਉਂਦੀ ਅਤੇ ਤੱਤ ਗੁਰਮਤਿ ਕਥਾ ਨਹੀਂ ਸੁਖਾਉਂਦੀ । ਗੁਰੂ ਨਾਨਕ ਸਾਹਿਬ ਫੇਰ ਏਹਨਾਂ ਹੀ ਬੇਮੁਖ ਕਾਲੇ ਨਿੰਦਕਾਂ ਤੇ ਤਰਸ ਖਾ ਕੇ ਪ੍ਰਮਾਤਮਾ ਅਗੇ ਇਉਂ ਪ੍ਰਾਰਥਨਾ ਕਰਦੇ ਹਨ – ਹੇ ਵਾਹਿਗੁਰੂ ! ਆਪਣੀ ਅਪਾਰ ਦਇਆ ਮਇਆ ਕਰ ਕੇ ਏਹਨਾਂ ਅਕ੍ਰਿਤਘਣਾਂ ਨੂੰ ਭੀ ਉਭਾਰੋ, ਜੋ ਦੀਨ ਹੋ ਕੇ ਸਾਰੇ ਪਿਛਲੇ ਗੁਣਾਂ ਨੂੰ ਬਖਸ਼ਾਇ ਕੇ ਤੇਰੀ ਸ਼ਰਨ ਆਇ ਪਏ ਹਨ । ਹੇ ਪਿਤਾ ਪ੍ਰਭੂ ਮੇਰੇ ਵਾਹਿਗੁਰੂ ! ਅਸੀਂ ਸਭ ਤੇਰੇ ਬਾਰਕ ਇਆਣੇ ਹਾਂ । ਸਭਨਾਂ ਨੂੰ ਬਖਸ਼ ਕੇ ਆਪਣੇ ਨਾਲਿ ਮਿਲਾਏ ਲਓ, ਸਦਾ ਸਦਾ ਹੀ ਅਖੰਡ ਕੀਰਤਨ ਤੇ ਨਿਰਬਾਣ ਕਥਾ ਸੁਣਨ ਦਾ ਅਵਸਰ ਸਾਰਿਆਂ ਨੂੰ ਬਖ਼ਸ਼ੋ ।

["ਕਥਾ ਕੀਰਤਨ" ਪੁਸਤਕ ਵਿਚੋਂ



www.AKJ.Org

# ਲੌਅ ਲੱਗ ਗਈ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ ਗੁਰਦਾਸਪੁਰ]

ਚੌਧਰੀ ਗਿੱਲਾਂ ਦੀ ਵੱਡੀ ਨੂੰਹ ਕਰਮੋ ਕਿਸੇ ਨੂੰ ਬੂਹੇ ਵਿਚ ਖਲੋਤੀ ਦੇਖ ਕੇ ਵੀਹ ਵਿਚ ਠਹਿਰ ਗਈ। ਅੱਖਾਂ ਤੇ ਜ਼ੋਰ ਪਾ ਕੇ ਦੇਖਦੀ ਪੁੱਛਣ ਲੱਗੀ, "ਸਗੋਂ ਬੇਬੇ ਮਨਸੋ ਐ ?"

"ਹਾਂ, ਭੈਣੇ, ਮੈਂ ਈ ਹਾਂ!"

ਬਾਹਰ ਹਨੇਰਾ ਸੀ। ਡਿਉਢੀ ਅੰਦਰ ਆਲੇ ਵਿਚ ਸਰ੍ਹੋਂ ਦਾ ਦੀਵਾ ਜਗ ਰਿਹਾ ਸੀ। ਪਿੱਠ ਪਿਛੇਂ ਦੀਵੇ ਦੀ ਲੋਅ ਪੈਣ ਕਰਕੇ ਕਰਮੋ ਪਹਿਲੀ ਨਜ਼ਰੇ ਮਨਸਾ ਦੇਵੀ ਨੂੰ ਪਛਾਣ ਨਹੀਂ ਸੀ ਸਕੀ।

"ਕਿੰਨੂ ਉਡੀਕਦੀ ਐਂ, ਬੇਬੇ ? ਮੋਹਣ ਨੂੰ ?"

"ਨਹੀਂ, ਬਾਲ ਤੇ ਸਾਰੇ ਅੰਦਰ ਨੇ। ਤੇਰੇ ਜੇਠ ਜੀ ਸੌਦਾ ਲੈਣ ਗਏ ਹੋਏ ਨੇ। ਮੁੜੇ ਈ ਨਹੀਂ ਹਾਲੀ ਤਕ। ਅੱਗੇ ਤੇ ਐਨੀ ਡੇਰ ਕਦੇ ਨਹੀਂ ਸੀ ਲਾਈ। ਸੂਰਜ ਹੁੰਦਿਆਂ ਈ ਮੁੜ ਆਉਂਦੇ ਐ।"

"ਬੇਬੇ, ਹੁਣ ਤੇ ਪਹਿਰ ਰਾਤ ਬੀਤਣ ਲੱਗੀ ਐ!" ਕਰਮੋ ਨੇ ਫ਼ਿਕਰ ਜਣਾਉਂਦਿਆਂ ਕਿਹਾ।

ਤਾਹੀਓਂ ਖ਼ਬਰ ਕਿ ਵੀਹ ਵਿਚ ਘੋੜੇ ਦੀ ਟਾਪ ਸੁਣਾਈ ਦਿਤੀ।

"ਲੈ, ਸਗੋਂ ਉਹ ਆ ਗਏ।"

ਕਰਮੋ ਨੇ ਸ਼ਾਹ ਜੀ ਦਾ ਘੋੜਾ ਪਛਾਣ ਲਿਆ ਤੇ ਲੰਮਾ ਸਾਰਾ ਘੁੰਡ ਕੱਢ ਕੇ ਤੁਰ ਪਈ।

ਘੋੜਾ ਬੂਹੇ ਅਗੇ ਆ ਕੇ ਰੁਕ ਗਿਆ। ਸਵਾਰ ਖੱਬੀ ਰਕਾਬ ਤੇ ਭਾਰ ਪਾ ਕੇ ਉਤਰ ਆਇਆ। ਮਨਸਾ ਦੇਵੀ ਆਪਣੇ ਪਤੀ ਦੀ, ਮਾਲ ਉਤਾਰਨ ਵਿਚ ਸਹਾਇਤਾ ਕਰਨ ਲੱਗੀ। ਨਾਲੇ ਉਸ ਨੇ 'ਵਾਜ ਦਿਤੀ, "ਵੇ ਮੋਹਣ, ਬਾਹਰ ਆ। ਤੇਰੇ ਬਾਪੂ ਜੀ ਆ ਗਏ ਨੇ। ਸਮਾਨ ਸਾਂਭ ਤੇ ਘੋੜੇ ਨੂੰ ਪਾਣੀ ਵਿਖਾ।"

"ਤੇ ਤੁਸੀਂ ਐਨੀ ਦੇਰ ਲਾ ਦਿੱਤੀ ? ਫ਼ਿਕਰਾਂ ਵਿਚ ਪਾ ਦਿੰਦੇ ਓ ਤੁਸੀਂ ਤੇ ਅੱਜ ਕਲ੍ਹ।"

ਸਵਾਰ ਨੇ ਘੋੜੇ ਦਾ ਤੰਗ ਢਿਲਾ ਕਰਦਿਆਂ ਕਿਹਾ, "ਜਦੋਂ ਮੈਂ ਪੰਜ ਪੰਜ, ਛੇ ਛੇ ਮਹੀਨੇ ਤੀਰਥਾਂ ਤੇ ਲਾ ਆਉਨਾ ਆਂ ਓਦੋਂ ਫ਼ਿਕਰ ਨਹੀਂ ਹੁੰਦਾ ?"

"ਦੇਖੋ ਖਾਂ, ਕੇਹੋ ਜਹੀਆਂ ਗੱਲਾਂ ਕਰਦੇ ਨੇ ? ਫ਼ਿਕਰ ਕਿਉਂ ਨਹੀਂ ਹੁੰਦਾ ? ਪਰ ਤਸੱਲੀ ਵੀ ਹੁੰਦੀ ਐ ਨਾ।"

"ਹੁਣ ਵੀ ਤਸੱਲੀ ਰੱਖਿਆ ਕਰ... ..."

ਮੋਹਣ ਤੋਂ ਮੁਹਰੀ ਪਹਿਲੋਂ ਭੱਜਾ ਆ ਗਿਆ ਸੀ। ਮੁਹਰੀ, ਮਾ ਦੀ ਸਮਾਨ ਅੰਦਰ ਲਿਜਾਣ ਵਿਚ ਸਹਾਇਤਾ ਕਰਨ ਲੱਗਾ। ਮੋਹਣ ਨੇ ਪਿੱਤਾ ਦੇ ਘੋੜੇ ਨੂੰ ਵਾਗੋਂ ਫੜ ਲਿਆ ਤੇ ਖੂਹ ਵੱਲ ਲੈ ਤੁਰਿਆ। ਸਵਾਰ ਵੀ ਅੰਦਰੋਂ ਧੋਤੀ ਪਰਨਾ ਲੈ ਖੂਹ ਵੱਲ ਤੁਰ ਪਿਆ।

ਰੋਟੀ ਟੁੱਕ ਖਾ ਚੁੱਕਣ ਮਗਰੋਂ ਮਨਸਾ ਦੇਵੀ ਨੇ ਪਤੀ ਤੋਂ ਪੁਛਿਆ, "ਸੁਆਮੀ ਜੀ, ਅੱਜ ਐਨੀ ਦੇਰ ਕਿਉਂ ਹੋ ਗਈ ?"

"ਮਨਸਾ, ਤੂੰ ਮਨਸਾ ਪੂਰਨ ਹੈਂ। ਜਦੋਂ ਦੀ ਤੂੰ ਮੇਰੇ ਘਰ ਆਈ ਹੈਂ, ਘਰ ਭਰਪੂਰ ਹੋ ਗਿਆ ਹੈ। ਬੱਚੇ ਹਨ, ਬੱਚੀਆਂ ਹਨ, ਗੁਜ਼ਾਰਾ ਹੈ, ਮਾਣ ਸਤਿਕਾਰ ਹੈ, ਪਰ... ... ਪਰ ਫੇਰ ਵੀ ਮਨ ਨੂੰ ਸ਼ਾਂਤੀ ਨਹੀਂ।"

"ਘਰ ਵਿਚ ਸ਼ਾਂਤੀ ਹੈ, ਨਗਰ ਵਿਚ ਸ਼ਾਂਤੀ ਹੈ, ਮੇਰੇ ਮਨ ਵਿਚ ਸ਼ਾਂਤੀ ਹੈ, ਤੁਹਾਨੂੰ ਸ਼ਾਂਤੀ ਕਿਉਂ ਨਹੀਂ ?" ਮਨਸਾ ਦੇਵੀ ਨੇ ਪੁਛਿਆ।

"ਤੂੰ ਨਹੀਂ ਜਾਣਦੀ, ਮਨਸਾ! ਮੇਰੇ ਅੰਦਰ ਕੋਈ ਘਾਟਾ ਹੈ, ਕੋਈ ਘਾਟ ਹੈ। ਉਸ ਨੂੰ ਪੂਰੀ ਕਰਨ ਲਈ



www.AKJ.Org

ਆਪਣੇ ਪਿਤਾ-ਪੁਰਖੀ ਢੰਗ ਨਾਲ ਪਾਠ-ਪੂਜਾ ਕਰਦਾ ਰਿਹਾ ਹਾਂ, ਤੀਰਥ ਯਾਤ੍ਰਾ ਕਰਦਾ ਰਿਹਾ ਹਾਂ, ਪਰ ਘਾਟ ਉਹ ਮੇਰੀ ਪੂਰੀ ਨਹੀਂ ਹੋਈ। ਤੇ ਮੇਰਾ ਮਨ ਕੁਝ ਉਸ ਵੈਸ਼ਨੋ ਬ੍ਰਹਮਚਾਰੀ ਨਾਲ ਪਰਚਿਆ ਸੀ। ਉਹ ਵੀ ਮੈਨੂੰ ਨਿਗੁਰਾ ਸਮਝ ਕੇ ਦੁਰਕਾਰਦਾ ਹੋਇਆ ਦੌੜ ਗਿਆ। ਮੈਂ ਗੁਰੂ ਦੀ ਭਾਲ ਵਿਚ ਹਾਂ, ਪਰ ਪੂਰੇ ਗੁਰੂ ਦੀ। ਇਕ ਗੁਰੂ ਦਾ ਚਮਕਾਰਾ ਮੇਰੀਆਂ ਮਨ ਦੀਆਂ ਅੱਖਾਂ ਅੱਗੇ ਪੈਂਦਾ ਰਹਿੰਦਾ ਹੈ। ਉਸ ਦੇ ਬਾਰੇ ਮੈਂ ਹਰਦੁਆਰ ਵਿਚ ਆਏ ਇਕ ਦੋ ਸਾਧੂਆਂ ਕੋਲੋਂ ਸੁਣਿਆ ਸੀ। ਉਹ ਇਕ ਓਂਕਾਰ ਨੂੰ ਮੰਨਦਾ ਤੇ ਉਸ ਦਾ ਜਾਪ ਕਰਵਾਉਂਦਾ ਸੀ। ਉਹ ਨਿਰਭੈ ਸੀ। ਅਸਚਰਜ ਗੱਲਾਂ ਕਰਦਾ ਸੀ। ਉਹ ਪੰਜਾਬੀ ਸੀ। ਮੈਂ ਉਸ ਦੀ ਭਾਲ ਵਿਚ ਹਾਂ। ਮੈਂ ਸੰਤਾਂ ਸਾਧਾਂ ਨੂੰ ਮਿਲਦਾ ਹਾਂ; ਪਰ 'ਉਹ' ਨਹੀਂ ਮਿਲਦਾ। ਅੱਜ ਇਕ ਸਾਧ ਦੀ ਦੱਸ ਕਸੇਲ ਦੀ ਜੂਹ ਵਿਚ ਪਈ ਸੀ। ਸੰਝ ਪੈਣ ਵਾਲੀ ਸੀ ਜਦੋਂ ਓਥੇ ਪਹੁੰਚਾ। ਦੇਖਿਆ ਸੰਤ ਇਕ ਗਰੀਬ ਬਾਲਕ ਨੂੰ ਡੰਡਾ ਦਿਖਾ ਕੇ ਨਸਾ ਰਿਹਾ ਸੀ। ਮੈਂ ਘੋੜੇ ਤੋਂ ਉਤਰ ਕੇ ਨਮਸਕਾਰ ਕੀਤੀ। ਪਲ ਵਿਚ ਸਾਧ ਦਾ ਰੌਂ ਈ ਬੱਦਲ ਗਿਆ। ਜਿਵੇਂ ਗੁੱਸਾ ਕਦੇ ਉਸ ਦੇ ਕੋਲ ਈ ਨਾ ਆਇਆ ਹੋਵੇ। ਜੀਭ ਸ਼ਹਿਦ ਘੋਲਣ ਲੱਗੀ। ਮੈਂ ਪੁਛਿਆ, "ਮਹਾਤਮਾ ਜੀ, ਤੁਸੀਂ ਉਸ ਬਾਲਕ ਤੇ ਕਿਉਂ ਕ੍ਰੋਧ ਕਰ ਰਹੇ ਸਾਓ ?" ਕਹਿਣ ਲਗਾ, "ਆਪ ਕੋ ਪਤਾ ਨਹੀਂ। ਵੋਹ ਅਛੂਤ ਹੈ। ਉਸ ਕਾ ਸਾਇਆ ਮੁਝ ਪਰ ਪੜ ਗਯਾ ਥਾ। ਅਬ ਮੁਝੇ ਸਨਾਨ ਕਰਨਾ ਪੜੇਗਾ ਔਰ ਪ੍ਰਾਯਸਚਿਤ ਕਰਨਾ ਪੜੇਗਾ।" ਮੈਂ ਇਹ ਗੱਲ ਸੁਣ ਕੇ ਮੁੜ ਪਿਆ ਤੇ ਸਾਧ ਵਾਜਾਂ ਮਾਰਦਾ ਹੀ ਰਿਹਾ। ਭਲਾ ਨੀਵੀਂ ਜਾਤ ਤੇ ਹੋਈ, ਪਰ ਸਾਧ ਨੂੰ ਕ੍ਰੋਧ ਕੀ ਆਖ ? ਮੈਂ ਸਾਬਤ ਭਾਂਡਾ ਲੱਭਣ ਜਾਂਦਾ ਹਾਂ ਅਗੋਂ ਟੁੱਟੇ ਤਿੜਕੇ ਲੱਭਦੇ ਹਨ। ਇਕ ਉਹ ਬ੍ਰਹਮਚਾਰੀ ਹੈ ਕਿ ਚੁਆਤੀ ਲਾ ਗਿਆ ਹੈ।"

"ਸੁਆਮੀ ਜੀ, ਉਹ ਬ੍ਰਹਮਚਾਰੀ ਵੀ ਤਾਂ ਸਾਬਤ ਨਹੀਂ ਸੀ। ਉਸ ਦਾ ਕ੍ਰੋਧ ਤਾਂ ਇਸ ਸਾਧ ਕੋਲੋਂ ਵੀ ਡਾਢਾ ਸੀ।

"ਇਹ ਤੇ ਠੀਕ ਹੈ। ਮਨਸਾ, ਸਾਧੂ ਭੇਖਧਾਰੀ ਕੋਈ ਲੋਭੀ ਹੈ, ਕੋਈ ਹੰਕਾਰੀ ਹੈ, ਕੋਈ ਮੋਹ-ਮਾਇਆ ਵਿਚ ਗ੍ਰਸਿਆ ਹੋਇਆ ਤੇ ਕੋਈ ਕ੍ਰੋਧੀ ਹੈ, ਕੋਈ ਉਪਰੋਂ ਉਪਰੋਂ ਬ੍ਰਹਮਚਾਰੀ ਹੈ, ਪਰ ਮਨ ਕਰਕੇ ਕਾਮੀ ਹੈ... ... ਗੁਰੂ ਕਿਥੋਂ ਲੱਭੇਗਾ ? ਕਦੋਂ ਲਭੇਗਾ ?... ਹਾਏ।"

"ਸੁਆਮੀ ਜੀ, ਬੇਚੈਨ ਨਾ ਹੋਵੋ, ਤੁਹਾਡੀ ਭਾਲ ਸੁੱਚੀ ਹੈ, ਚਾਹ ਸੱਚੀ ਹੈ, ਤੁਹਾਡੀ ਮਨਸਾ ਜ਼ਰੂਰ ਪੂਰਨ ਹੋਵੇਗੀ ਤੇ ਤੁਹਾਡੇ ਪੈਰਾਂ ਪਿਛੇ ਮੇਰਾ ਵੀ ਪਾਰ-ਉਤਾਰਾ ਹੋ ਜਾਵੇਗਾ।"

"ਹੈਂ ! ਮਨਸਾ ! ਮੈਨੂੰ ਗੁਰੂ ਮਿਲ ਜਾਏਗਾ ? ਮਿਲ ਜਾਏਗਾ ਮੈਨੂੰ ਗੁਰੂ ?"

ਨਿਰਾਸਤਾ ਵਿਚ ਆਸ ਬਦਲ ਵਿਚ ਬਿਜਲੀ ਵਾਂਗ ਚਮਕ ਕੇ ਲੋਪ ਹੋ ਜਾਂਦੀ ਸੀ।

ਗੱਲਾਂ ਕਰਦਿਆਂ ਕਰਦਿਆਂ ਅਮਰਦਾਸ ਜੀ ਨੂੰ ਨੀਂਦ ਆ ਗਈ। ਚੰਗੀ ਗੱਡਵੀਂ ਨੀਂਦ ਆਈ ਉਨ੍ਹਾਂ ਨੂੰ। ਪਰ ਤੀਜੇ ਪਹਿਰ ਦੇ ਮੁਕਦਿਆਂ ਨੇਮ ਅਨੁਸਾਰ ਉਨ੍ਹਾਂ ਨੂੰ ਜਾਗ ਆ ਗਈ। ਉਹ ਨਿੱਤ ਕਰਮ ਤੇ ਇਸ਼ਨਾਨ ਕਰਨ ਬਾਹਰ ਚਲੇ ਗਏ। ਸਮੇਂ ਤੋਂ ਕੁਝ ਪਹਿਲਾਂ ਪ੍ਰਭਾਤੀ ਅਲਾਪਦੇ ਟਿੰਡਾਂ ਵਾਲੇ ਵਗਦੇ ਖੂਹ ਦੇ ਔਲੂ ਵਿਚ ਇਸ਼ਨਾਨ ਕਰਦਿਆਂ ਆਦਤ ਅਨੁਸਾਰ ਦੁਹਰਾਉਣ ਲੱਗੇ :—

ਗੰਗਾ ਬੜੀ ਗੋਦਾਵਰੀ, ਤੀਰਥ ਬੜੇ ਪ੍ਰਯਾਗ ॥
ਛਾਲੀ ਬੜੀ ਸਮੁੰਦਕੀ, ਪਾਪ ਕਟੇ ਹਰਿਦੁਆਰ ॥

ਦੋ ਚਾਰ ਵਾਰ ਦੁਹਰਾ ਕੇ ਉਹ ਰੁਕ ਗਏ। ਸੋਚਣ ਲੱਗੇ, "ਭੀਮ ਗੌਡੇ ਵਾਲਾ ਬੁੱਢਾ ਬ੍ਰਾਹਮਣ ਕਹਿੰਦਾ ਸੀ ਕਿ ਉਹ ਪੰਜਾਬੀ ਸਾਧੂ ਤੀਰਥ, ਵਰਤ ਤੇ ਕਰਮ ਕਾਂਡ ਦੀ ਨਿਖੇਧੀ ਕਰਦਾ ਸੀ। ਉਸ ਦੇ ਮੂੰਹ ਤੇ ਅਸਚਰਜ ਜਲਾਲ ਸੀ। 'ਕਰਤਾਰ, ਕਰਤਾਰ' ਜਪਦਾ ਸੀ। ਠੀਕ ਹੈ। ਜੇ ਤੀਰਥ ਵਰਤ, ਕਰਮ ਕਾਂਡ ਵਿਚ ਜ਼ੋਰ ਹੁੰਦਾ ਤਾਂ ਮੈਨੂੰ ਜ਼ਰੂਰ ਕੁਝ ਪ੍ਰਾਪਤ ਹੁੰਦਾ ? ਪਰ ਮੈਨੂੰ ਕੁਝ ਨਹੀਂ ਪ੍ਰਾਪਤ ਹੋਇਆ।"



www.AKJ.Org

ਅਚਾਨਕ ਉਹ ਗੁਰੂ ਗੁਰੂ ਜੱਪਣ ਲੱਗੇ। ਫੇਰ ਇਹ ਜਾਪ ਕਰਤਾਰ ਕਰਤਾਰ ਇਕ ਓਂਕਾਰ ਵਿਚ ਬਦਲ ਗਿਆ। ਮਨ ਨੂੰ ਟਿਕਾਅ ਆਉਂਦਾ ਮਲੂਮ ਹੋਇਆ। ਉਨ੍ਹਾਂ ਨੇ ਪਰਨੇ ਨਾਲ ਸਰੀਰ ਪੂੰਝਿਆ। ਬਸਤਰ ਬਦਲੇ ਤੇ ਧੋਤੀ ਨੂੰ ਪਖਾਲਿਆ। ਮਨ ਵਿਚ ਕਰਤਾਰ ਕਰਤਾਰ ਜਪਦੇ ਉਹ ਘਰ ਆ ਗਏ ਅਤੇ ਦੇਵਤਿਆਂ ਦੀ ਅਰਚਾ ਪੂਜਾ ਵਿਚ ਲੱਗਣ ਲੱਗੇ। ਅੱਗੇ ਵਾਗ ਉਨ੍ਹਾਂ ਦਾ ਮਨ ਅੱਜ ਪੂਜਾ ਵੱਲ ਨਾ ਲੱਗਦਾ ਜਾਪਿਆ। ਉਨ੍ਹਾਂ ਨੂੰ ਚੇਤਾ ਆ ਰਿਹਾ ਸੀ ਕਿ ਕਨਖਲ ਦੇ ਇੱਕ ਬ੍ਰਾਹਮਣ ਨੇ ਦੱਸਿਆ ਸੀ ਕਿ ਉਸ ਨੇ ਉਸ ਪੰਜਾਬੀ ਮਹਾਤਮਾ ਦੇ ਬਚਨ ਸੁਣੇ ਸਨ। ਉਹ ਕਹਿੰਦਾ ਸੀ ਕਿ ਰੱਬ ਦੀ ਕੋਈ ਮੂਰਤੀ ਨਹੀਂ। ਉਹ ਨਿਰੰਕਾਰ ਹੈ, ਕਰਤਾਰ ਹੈ, ਅਪਰੰ ਪਾਰ ਹੈ -- ਇਕ ਓਂਕਾਰ 'ਨਿਰੰਕਾਰ', ਕਰਤਾਰ ! ਅਪਰੰ ਪਾਰ ! ਉਹ ਨਿਰਵੈਰ ਹੈ, ਨਿਰਭੈ ਹੈ, ਅਬਿਨਾਸ਼ੀ, ਅਜਨਮਾ ਹੈ, ਸ੍ਵੈ ਉਤਪੰਨ ਹੈ, ਉਹ ਗੁਰੂ ਦੀ ਕਿਰਪਾ ਤੋਂ ਪ੍ਰਾਪਤ ਹੁੰਦਾ ਹੈ।

ਸ੍ਰੀ ਅਮਰਦਾਸ ਜੀ ਇਹ ਗੱਲਾਂ ਯਾਦ ਕਰ ਕੇ ਗੁਰੂ ਗੁਰੂ ਜਪਣ ਲੱਗੇ। ਇਕ ਓਂਕਾਰ ਧਿਆਉਂਦਿਆਂ ਉਨ੍ਹਾਂ ਦੀ ਬਿਰਤੀ ਇਕ ਓਂਕਾਰ ਵਿਚ ਟਿਕੀ ਹੋਈ ਜਾਪੀ। ਉਸੇ ਵੇਲੇ ਕਿਸੇ ਮਧੁਰ ਸੰਗੀਤ ਭਰੇ ਇਸਤ੍ਰੀ-ਗਲੇ ਵਿਚੋਂ ਨਾਦ ਹੋਇਆ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ
ਕਰਤ ਨ ਲਾਗੀ ਵਾਰ ॥†

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰੁ॥‡

ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥
ਫਲੀਅਹਿ ਫੁਲੀਅਹਿ ਬਪੁੜੇ
ਭੀ ਤਨ ਵਿਚਿ ਸੁਆਹ ॥*

ਫੇਰ ਚਾਟੀ ਵਿਚ ਮਧਾਣੀ ਪੈ ਗਈ ਤੇ ਰਿੜਕਣ ਦੀ ਘੁਮਕਾਰ ਨੇ ਮਧੁਰ ਮੁੱਖ ਵਿਚੋਂ ਹੁੰਦੇ ਸੰਗੀਤ ਨੂੰ ਇੰਨਾ ਮੱਧਮ ਕਰ ਦਿਤਾ ਕਿ ਮਨਮੋਹਕ ਹੁੰਦਿਆ ਵੀ ਸ਼ਬਦ ਪੂਰੇ ਨਹੀਂ ਸਨ ਸੁਣੀਂਦੇ। ਅਮਰਦਾਸ ਜੀ ਨੂੰ ਮੂਰਤੀ-ਪੂਜਾ ਭੁੱਲ ਗਈ। ਮਨ ਸੁਣੇ ਦੋਹਿਆਂ ਦੇ ਅਰਥਾਂ ਤੇ ਟਿਕ ਗਿਆ। ਜਿਹੜਾ ਗੁਰੂ ਮਨੁੱਖਾਂ ਤੋਂ ਦੇਵਤੇ ਬਣਾਉਂਦਾ ਹੈ, ਉਸ ਤੋਂ ਬਲਿਹਾਰ ਜਾਣਾ ਹੀ ਚਾਹੀਦਾ ਹੈ। ਉਹ ਗੁਰੂ ਹਾਲੀ ਤਕ ਮੈਨੂੰ ਕਿਉਂ ਨਹੀਂ ਮਿਲਿਆ ? ਮੈਂ ਤਿਲਾਂ ਦਾ ਬੂਆੜ ਬੂਟਾ ਹਾਂ। ਗ੍ਰਿਹਸਤ ਵਿਚ ਉਵੇਂ ਹੀ ਫਲਿਆ ਫੁਲਿਆ ਹਾਂ ਜਿਵੇਂ ਬੁਆੜ ਫਲਦਾ ਫੁਲਦਾ ਹੈ। ਪਰ ਮੇਰੇ ਅੰਦਰ ਤਾਂ ਸੁਆਹ ਵੀ ਨਹੀਂ। ਮੇਰੇ ਮਨ ਵਿਚ ਘੋਰ ਹਨੇਰਾ ਹੈ। ਇਹ ਨਿਗੁਰੇ ਹੋਣ ਕਰਕੇ ਹੀ ਹੈ। ਇਸੇ ਕਰਕੇ ਮੈਂ ਭਟਕਦਾ ਫਿਰਦਾ ਹਾਂ।

ਹੁਣ ਮਨਸਾ ਦੇਵੀ ਘਰੇ ਇਸ਼ਨਾਨ ਕਰ ਕੇ ਆਪਣੀ ਪਾਠ ਪੂਜਾ ਕਰ ਚੁਕੀ ਸੀ। ਜਾਗ ਚਿਰਕੀ ਲੱਗਣ ਕਰਕੇ ਦੁੱਧ ਠੀਕ ਨਹੀਂ ਸੀ ਜੰਮਿਆ ਤੇ ਉਹ ਚਰਖਾ ਲੈ ਕੇ ਬੈਠਣ ਲੱਗੀ ਸੀ।

ਅਮਰਦਾਸ ਜੀ ਨੇ ਪੁਛਿਆ, "ਮਨਸਾ, ਇਹ ਭਜਨ ਦੀ ਵਾਜ ਕਿਸ ਦੀ ਸੀ ?"

"ਲਓ ! ਤੁਹਾਨੂੰ ਐਨੀ ਵੀ ਪਛਾਣ ਨਹੀਂ ? ਮਾਣਕ ਦੀ ਨੋਂਹ ਬੀਬੀ ਅਮਰੋ ਦੀ ਐ। ਬੜੀ ਸੁਲੱਖਣੀ ਧੀ ਐ।"

"ਮੈਂ ਤੇ ਛਿਆਂ ਮਹੀਨਿਆਂ ਮਗਰੋਂ ਗੰਗਾ ਜੀ ਦੀ ਯਾਤਰਾ ਤੋਂ ਮੁੜਿਆਂ। ਅੱਗੇ ਕਦੇ ਨੋਂਹ ਰਾਣੀ ਦੀ ਵਾਜ ਨਹੀਂ ਸੀ ਸੁਣੀ।"

"ਨਹੀਂ ਜੀ, ਉਹ ਤੇ ਨਿੱਤਨੇਮ ਨਾਲ ਭਜਨ ਗਾਉਂਦੀ ਹੈ। ਘਰ ਵਿਚ ਸਭ ਤੋਂ ਪਹਿਲੋਂ ਉੱਠ ਕੇ ਅਸ਼ਨਾਨ ਕਰਦੀ ਹੈ, ਭਜਨ ਗਾਉਂਦੀ ਘਰ ਦੇ

† ਸਲੋਕ ਮ: ੧, ਪੰਨਾ ੪੬੨
‡ ਮ: ੨ ਪੰਨਾ ੪੬੩

* ਮ: ੧, ਪੰਨਾ ੪੬੩



www.AKJ.Org

ਕੰਮ ਲੱਗ ਜਾਂਦੀ ਐ। ਸਗੋਂ ਮੈਨੂੰ ਵੀ ਕਈ ਵਾਰੀ ਉਸ ਦੇ ਜਾਗਣ ਮਗਰੋਂ ਜਾਗ ਆਉਂਦੀ ਹੈ। ਮਾਣਕ ਤੇ ਉਹਦੀ ਵਹੁਟੀ ਉਸ ਦੀ ਸਲਾਹੁਤ ਕਰਦੇ ਨਹੀਂ ਥੱਕਦੇ। 'ਧੀਏ! ਧੀਏ!' ਕਹਿੰਦਿਆਂ ਮੂਹ ਸੁੱਕਦਾ ਹੈ।

"ਮਨਸਾ, ਚੰਗੇ ਮਾਪਿਆਂ ਦਿਆਂ ਧੀਆਂ-ਪੁਤਰਾਂ ਦੇ ਏਹੋ ਲੱਛਣ ਹੁੰਦੇ ਐ। ਪਰ ਇਹ ਭਜਨ ਕੀਹਦੇ ਗਾਉਂਦੀ ਐ?"

"ਮੈਂ ਤੇ, ਸੁਆਮੀ ਜੀ, ਕਦੇ ਪੁਛਿਆ ਨਹੀਂ। ਉਦ ਭਜਨ ਲਗਦੇ ਬੜੇ ਚੰਗੇ ਨੇ।"

"ਉਸ ਦੇ ਭਜਨ ਨੇ ਮੇਰੇ ਮਨ ਨੂੰ ਧੂਹ ਪਾਈ ਹੈ। ਉਸ ਦੇ ਭਜਨਾਂ ਵਿਚੋਂ ਸੱਚੇ ਗੁਰੂ ਦੀ ਸੂਹ ਮਿਲਦੀ ਹੈ। ਹੱਛਾ! ਬੇਟੀ ਕੋਲੋਂ ਦਿਨ ਚੜ੍ਹੇ ਪੁਛਾਂਗੇ।"

ਅਮਰਦਾਸ ਜੀ ਫੇਰ ਸੁਣੇ ਸਲੋਕਾਂ ਦੇ ਭਾਵ ਤੇ ਵਿਚਾਰ ਕਰਨ ਲੱਗੇ। ਲਛਮੀ-ਨਾਰਾਇਣ ਦੀ ਪੂਜਾ ਉਹਨਾਂ ਨੂੰ ਭੁਲ ਗਈ। ਤਾਹੀਓਂ ਖਬਰ ਕਿ ਰਿੜਕਣ ਦੀ ਘੁਮਕਾਰ ਰੁੱਕ ਗਈ ਤੇ ਬੀਬੀ ਦੀ ਮਧੁਰ ਆਵਾਜ਼ ਸੁਣੀਨ ਲੱਗੀ:—

ਕਾਇਆ ਆਰਣੁ, ਮਨੁ ਵਿਚਿ ਲੋਹਾ,
ਪੰਚ ਅਗਨਿ ਤਿਤੁ ਲਾਗਿ ਰਹੀ॥
ਕੋਇਲੇ ਪਾਪ ਪੜੇ ਤਿਸੁ ਊਪਰਿ,
ਮਨੁ ਜਲਿਆ ਸੰਨੀ ਚਿੰਤ ਭਈ॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ,
ਜੇ ਗੁਰ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ,
ਤਉ ਨਾਨਕ ਤ੍ਰਿਸਟਸਿ ਦੇਹਾ॥†

ਅਤੇ ਰਿੜਕਣ ਦੀ ਘੁਮਕਾਰ ਫੇਰ ਸ਼ੁਰੂ ਹੋ ਗਈ। ਸ਼ਾਇਦ ਮੱਖਣ ਹਾਲੀ ਤਕ ਪੂਰੀ ਤਰ੍ਹਾਂ ਨਹੀਂ ਸੀ ਆਇਆ।

ਅਮਰਦਾਸ ਜੀ ਨੇ ਜਿਵੇਂ ਕਿਵੇਂ ਸਮਾਂ ਬਿਤਾ-ਇਆ ਅਤੇ ਛਾਹ ਵੇਲੇ ਹੀ ਨਾਲ, ਲਗਦੇ ਆਪਣੇ ਛੋਟੇ ਭਰਾ ਮਾਣਕ ਚੰਦ ਦੇ ਘਰ ਦਾ ਬੂਹਾ ਜਾ ਖੜਕਾਇਆ। ਅੰਦਰੋਂ ਮਾਣਕ ਚੰਦ ਦੀ ਆਵਾਜ਼ ਆਈ, "ਕੌਣ ਐ?"

"ਮੈਂ ਆਂ, ਮਾਣਕ, ਅਮਰ।"

ਝੱਟ ਹੀ ਕਾਹਲੇ ਪੈਰਾਂ ਦੀ ਅਵਾਜ਼ ਆਈ ਤੇ ਮਾਣਕ ਚੰਦ ਨੇ ਬੂਹਾ ਖੋਲ੍ਹਿਆ। ਉਹ ਅਮਰਦਾਸ ਜੀ ਦੇ ਪੈਰਾਂ ਵਲ ਝੁਕਿਆ ਹੀ ਸੀ ਕਿ ਉਨ੍ਹਾਂ ਨੇ ਛੋਟੇ ਭਰਾ ਨੂੰ ਆਪਣੀਆਂ ਬਾਹਾਂ ਵਿਚ ਲੈ ਲਿਆ ਤੇ ਕਹਿਣ ਲੱਗੇ, "ਮਾਣਕ, ਤੂੰ ਧੰਨ ਹੈਂ! ਤੂੰ ਧੰਨ ਹੈ!"

ਛੋਟੇ ਭਰਾ ਨੂੰ ਕੁਝ ਸਮਝ ਨਾ ਆਈ। ਉਹ ਹੈਰਾਨੀ ਤੇ ਪੁਛ ਦੀ ਮੁੱਦਰਾ ਵਿਚ ਵੱਡੇ ਭਰਾ ਵਲ ਦੇਖਦਾ ਰਿਹਾ।

"ਪੁੱਛਦਾ ਹੈਂ: 'ਕਿਉਂ?' ਤੇਰੇ ਘਰ ਲੱਛਮੀ ਆਈ ਐ. ਸਰੱਸਤੀ ਆਈ ਹੈ। ਤੇਰੀ ਨੂੰਹ ਦੇਵੀ ਐ। ਮੈਂ ਉਸ ਦੇ ਦਰਸ਼ਨ ਕਰਨ ਆਇਆ ਹਾਂ। ਮੈਂ ਉਸ ਤੋਂ ਅਧਿਆਤਮ ਦਾ ਮਾਰਗ ਪੁਛਣਾ ਹੈ।"

"ਭਰਾ ਜੀ, ਠੀਕ ਮੇਰੀ ਨੂੰਹ ਦੇਵੀ ਹੈ। ਘਰ ਦਾ ਕੰਮ ਉਸ ਛੋਟੀ ਜਿਹੀ ਬਾਲੜੀ ਨੇ ਸਾਰਾ ਸਾਂਭ ਲਿਆ ਹੈ। ਗੁਜ਼ਾਰੇ ਵਲੋਂ ਅੱਗੇ ਪ੍ਰਮਾਤਮਾ ਦੀ ਮਿਹਰ ਸੀ। ਪਰ ਹੁਣ ਐਉਂ ਐ ਜਿਵੇਂ ਘਰ ਵਿਚ ਸ਼ਾਂਤੀ ਵਸ ਗਈ ਹੋਵੇ। ਤੁਸੀਂ ਅੰਦਰ ਆਓ ਨਾ।"

ਦੋਵੇਂ ਅੰਦਰ ਚਲੇ ਗਏ। ਮਾਣਕ ਚੰਦ ਵਡੇ ਭਰਾ ਦੀ ਅਵਾਜ਼ ਪਛਾਣ ਕੇ ਛਾਹ ਵੇਲਾ ਖਾਣਾ ਵਿਚੇ ਛੱਡ ਕੇ ਬੂਹਾ ਖੋਲ੍ਹਣ ਚਲਾ ਗਿਆ ਸੀ। ਅੰਦਰ ਜਾਂਦਿਆਂ ਭਰਜਾਈ ਨੇ ਮੱਥਾ ਟੇਕਿਆ ਤੇ ਅਸੀਸ ਲਈ। ਬੀਬੀ ਅਮਰੋ ਬਾਹਰਲ ਚੌਂਕੇ ਦੀ ਕੰਧ ਉਹਲੇ ਰੋਟੀਆਂ ਪਕਾ ਰਹੀ ਸੀ।

ਮਾਣਕ ਚੰਦ ਨੇ ਕਿਹਾ, "ਭਰਾ ਜੀ, ਤੁਸੀਂ ਜੋ ਬੀਬੀ ਕੋਲੋਂ ਪੁਛਣਾ ਹੈ, ਪੁਛ ਲਵੋ?"

ਅਮਰਦਾਸ ਜੀ ਨੇ ਉੱਚੀ ਅਵਾਜ਼ ਕਰ ਕੇ ਕਿਹਾ, "ਬੇਟੀ ਅਮਰ, ਤੂੰ ਸਵੇਰੇ ਕਿਸ ਦੇ ਭਜਨ ਗਾਉਂਦੀ ਸੈਂ, ਰਿੜਕਣਾ ਪਾਉਣ ਤੋਂ ਪਹਿਲਾਂ?"

ਬੀਬੀ ਅਮਰੋ ਨੀਵੇਂ ਪੱਲੇ, ਨੀਵੀਂ ਅੱਖੀਂ

† ਮਾਰੂ ਮ: ੧, ਪੰਨਾ ੯੯੦



www.AKJ.Org

ਚੌਂਕੇ ਵਿਚੋਂ ਨਿਕਲੀ ਤੇ ਆਪਣੇ ਪਤੀ ਦੇ ਤਾਏ ਦੀ ਚਰਨ-ਬੰਦਨਾ ਕਰਨ ਲਈ ਅੱਗੇ ਵਧੀ। ਅਮਰਦਾਸ ਨੇ ਆਪਣੇ ਪੈਰ ਪਿੱਛੇ ਖਿੱਚ ਲਏ।

"ਤਾਇਆ ਜੀ, ਮੈਥੋਂ ਕੀ ਅਵੱਗਿਆ ਹੋਈ ਹੈ ?"

"ਨਹੀਂ ਬੇਟੀ ਅਮਰ, ਤੂੰ ਅਮਰ ਹੈਂ ਤੇ ਮੈਂ ਇਕ ਤੁਛ ਸੰਸਾਰੀ ਜੀਵ ਹਾਂ। ਤੈਨੂੰ ਉਸ ਗੁਰੂ ਦਾ ਪਤਾ ਹੈ ਜਿਸ ਨੂੰ ਮੈਂ ਭਾਲਦਾ ਫਿਰਦਾ ਹਾਂ। ਜਿਹੜਾ ਮਾਣਸ ਤੋਂ ਦੇਵਤੇ ਕਰਦਾ ਹੈ।"

"ਤਾਇਆ ਜੀ, ਤੁਸੀਂ ਆਪਣੀ ਬੇਟੀ ਦੇ ਸਿਰ ਭਾਰ ਨਾ ਚੜ੍ਹਾਓ। ਤੁਸੀਂ ਆਪਣੀ ਚਰਨ-ਛੁਹ ਬਖਸ਼ੋਗੇ ਤਾਂ ਮੈਂ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦਵਾਂਗੀ।"

ਬੀਬੀ ਨੇ ਅੱਗੇ ਹੋ ਕੇ ਤਾਏ ਦੇ ਚਰਨਾਂ ਅੱਗੇ ਸੀਸ ਨਿਵਾਇਆ ਤੇ ਸਦਾ ਸੁਹਾਗਣ ਦੀ ਅਸੀਸ ਪ੍ਰਾਪਤ ਕੀਤੀ।

"ਚੰਗਾ ਬੀਬੀ, ਤੂੰ ਚੌਂਕੇ ਵਿਚ ਬੈਠ ਕੇ ਕੰਮ ਕਰੀ ਜਾਹ ਤੇ ਨਾਲੇ ਮੈਨੂੰ ਦੱਸ ਕਿ ਸਵੇਰੇ ਤੂੰ ਕਿਸ ਦੇ ਭਜਨ ਗਾਉਂਦੀ ਸੈਂ।"

ਚੌਂਕੇ ਵਿਚੋਂ ਬੀਬੀ ਅਮਰੋ ਦੀ ਸੱਸ ਨੇ ਅਵਾਜ਼ ਦਿਤੀ, "ਭਾਈਆ ਜੀ, ਮੈਂ ਚੌਂਕੇ ਦਾ ਕੰਮ ਸੰਭਾਲ ਲਿਆ ਹੈ। ਬੇਟੀ ਅਮਰ, ਤੂੰ ਜੋ ਤਾਇਆ ਜੀ ਪੁਛਦੇ ਹਨ, ਦੱਸ।"

"ਤਾਇਆ ਜੀ, ਸਵੇਰੇ ਰਿੜਕਣਾ ਪਾਉਣ ਵੇਲੇ ਮੈਂ ਆਦਿ ਗੁਰੂ, ਸਤਿਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਲੋਕ ਪੜ੍ਹ ਰਹੀ ਸਾਂ। ਇਕ ਸਲੋਕ ਉਨ੍ਹਾਂ ਵਿਚੋਂ ਦੂਸਰੇ ਗੁਰੂ ਨਾਨਕ ਦਾ ਵੀ ਸੀ :

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰੁ ॥

ਇਹ ਉਹਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਸੰਬੰਧ ਵਿਚ ਉਚਾਰਿਆ ਹੈ।

"ਬੀਬਾ, ਪਹਿਲੇ ਸਤਿਗੁਰੂ ਨਾਨਕ ਕੌਣ ਹਨ ਤੇ ਕਿੱਥੇ ਹਨ ?"

"ਤਾਇਆ ਜੀ, ਉਹ ਆਦਿ ਗੁਰੂ ਸਨ। ਉਨ੍ਹਾਂ ਤਲਵੰਡੀ ਰਾਇ ਭੋਇ ਦੀ ਵਿਚ ਅਵਤਾਰ ਧਾਰਿਆ ਸੀ। ਕ੍ਰਿਖੀ, ਹੱਟੀ, ਵਪਾਰ ਤੇ ਚਾਕਰੀ ਕੀਤੀ ਸੀ— ਹਰ ਕੰਮ ਵਿਚ ਸੱਚ ਦੇ ਸੌਦੇ ਕੀਤੇ ਸਨ। ਸੰਸਾਰ ਵਿਚ ਦੂਰ ਦੂਰ ਤਕ ਪੈਦਲ ਚਲ ਕੇ ਵਾਹਿਗੁਰੂ ਨਾਮ ਦਾ ਛੱਟਾ ਦਿਤਾ ਸੀ। ਭਰਮਾਂ-ਵਹਿਮਾਂ, ਕਰਮ-ਕਾਂਡਾਂ ਵਿਚੋਂ ਲੋਕਾਂ ਨੂੰ ਕੱਢਿਆ ਸੀ। ਪ੍ਰਭੂ-ਪ੍ਰੇਮ ਦੀ ਛਹਿਬਰ ਲਾਈ ਸੀ। ਹਿੰਦੁਸਤਾਨ **ਦੇ** ਸਾਰੀਂ ਤੀਰਥੀਂ ਜਾ ਕੇ ਸਤਨਾਮ ਦਾ ਚੱਕਰ ਚਲਾਇਆ ਸੀ ਅਤੇ ਮੱਕੇ, ਮਦੀਨੇ, ਬਗਦਾਦ ਦੂਰ ਦੂਰ ਤਕ ਗਏ ਸਨ।"

"ਬੀਬੀ ਅਮਰੋ ਹੁਣ ਉਹ ਕਿਥੇ ਹਨ ?" ਅਮਰ ਦਾਸ ਜੀ ਨੂੰ ਉਤਾਵਲ ਵਿਚ ਕਾਹਲੇ ਸਾਹ ਆ ਰਹੇ ਸਨ।

"ਹੁਣ ਉਹ ਸੱਚ-ਖੰਡ ਵਿਚ ਹਨ, ਜੋਤੀ ਜੋਤ ਸਮਾ ਗਏ ਹਨ, ਪਯਾਣਾ ਕਰ ਗਏ ਹਨ, ਇਸ ਜ਼ਗਤ ਤੋਂ।"

ਅਮਰਦਾਸ ਜੀ ਦਾ ਚਿਹਰਾ ਅਫਸੋਸਿਆ ਗਿਆ, ਪਰ ਫੇਰ ਵੀ ਪੁਛਿਆ, "ਬੀਬਾ, ਉਹ ਹਰਦੁਆਰ ਵੀ ਗਏ ਸਨ।"

"ਹਾਂ ਤਾਇਆ ਜੀ, ਉਹ ਹਰਦੁਆਰ ਵੀ ਗਏ ਸਨ। ਕੁੰਭ ਵਾਲੇ ਦਿਨ ਉਨ੍ਹਾਂ ਨੇ ਪੱਛਮ ਵਲ ਗੰਗਾ ਜਲ ਉਛਾਲ ਕੇ ਭੁੱਲੜ ਲੋਕਾਂ ਨੂੰ ਸਿਖਿਆ ਦਿਤੀ ਸੀ ਕਿ ਉਹਨਾ ਦਾ ਸੂਰਜ ਨੂੰ ਦਿਤਾ ਅਰਘ ਨਾ ਸੂਰਜ ਨੂੰ ਪਹੁੰਚਦਾ ਹੈ ਨਾ ਪਿਤਰਾਂ ਨੂੰ।"

ਅਮਰਦਾਸ ਜੀ ਵਧੇਰੇ ਅਫਸੋਸੇ ਗਏ। ਗਹਿਰੇ ਮਾਨਸਿਕ ਦੁਖ ਤੇ ਨਿਰਾਸਤਾ ਦੇ ਚਿੰਨ੍ਹ ਉਨ੍ਹਾਂ ਦੇ ਚਿਹਰੇ ਤੇ ਉਭਰ ਆਏ।

ਇਹ ਦੇਖ ਕੇ ਬੀਬੀ ਨੇ ਕਿਹਾ "ਤਾਇਆ ਜੀ, ਉਹ ਦੂਜੇ ਗੁਰੂ ਨਾਨਕ ਦੇ ਸਰੀਰ ਵਿਚ ਕਾਇਮ ਹਨ। ਉਨ੍ਹਾਂ ਦੀ ਜੋਤ ਉਨ੍ਹਾਂ ਵਿਚ ਵਿਦਮਾਨ ਹੈ।"

"ਉਹ ਕੌਣ ਹਨ ? ਤੇ ਕਿੱਥੇ ਹਨ?" ਅਮਰਦਾਸ ਜੀ ਦੀ ਉਤਸੁਕਤਾ ਬਹੁਤ ਹੀ ਵਧ ਗਈ ਸੀ।

"ਉਹ ਖਡੂਰ ਵਿਚ ਹਨ। ਉਹ ਮੇਰੇ ਪਿਤਾ ਜੀ ਹਨ। ਪਰ ਮੈਂ ਉਹਨਾਂ ਨੂੰ ਗੁਰੂ ਰੂਪ ਮੰਨਦੀ ਹਾਂ। ਸਤਗੁਰੂ ਨਾਨਕ ਨੇ ਉਹਨਾਂ ਨੂੰ ਆਪਣੀ ਜੋਤ ਦਿਤੀ ਹੈ ਅਤੇ ਨਾਮ ਵੀ ਰੱਖਿਆ ਹੈ—ਗੁਰੂ ਅੰਗਦ।"

"ਤੂੰ ਧੰਨ ਹੈਂ, ਬੇਟੀ ! ਤੂੰ ਧੰਨ ਹੈਂ !" ਕਹਿੰਦੇ ਕਹਿੰਦੇ ਅਮਰਦਾਸ ਜੀ ਬੇਟੀ ਦੇ ਅੱਗੇ ਹੱਥ ਜੋੜ ਕੇ ਝੁਕ ਗਏ।


www.AKJ.Org

# "ਬਿਨੁ ਸੰਗਤਿ ਮੈਲੁ ਭਰੀਜੈ ਜੀਉ"

[ਵਲੋਂ—ਪ੍ਰੋ: ਹਰਬੰਸ ਸਿੰਘ ਜੀ, ਗੁਰੂ ਨਾਨਕ ਇੰਜ: ਕਾਲਜ, ਲੁਧਿਆਣਾ—੬]

( ੧ )

ਸ਼ਬਦ ਰੂਪੀ ਹੀਰੇ ਮੋਤੀ ਚੁਗਣ ਵਾਸਤੇ ਹੰਸਲੇ ਗੁਰਸਿੱਖ ਵੀਰ ਭੈਣ ਸਾਧ ਸੰਗਤ ਮਾਨ-ਸਰੋਵਰ ਤੇ ਇਕੱਠੇ ਹੋਏ ਹੋਏ ਸਨ। ਹਰਿ ਜਸ ਦੀਆਂ ਘੁੰਮਰਾਂ ਪੈ ਰਹੀਆਂ ਸਨ। ਮਾਨ-ਸਰੋਵਰ ਵਿਚ ਛਲਾਂ ਤੇ ਛੱਲਾਂ ਉਠ ਰਹੀਆਂ ਸਨ, ਹੰਸਲੇ ਗੁਰਸਿਖ ਹੀਰੇ ਮੋਤੀ ਚੁਗ ਚੁਗ ਤ੍ਰਿਪਤ ਹੋ ਰਹੇ ਸਨ। ਦਾਤੇ ਦੀ ਮਿਹਰ ਦਾ ਸਦਕਾ ਗੁਰਮੁਖ ਦੇ ਪੱਲੇ ਭੀ ਇਕ ਹੀਰਾ ਆ ਡਿਗਿਆ। ਆਪਣੇ ਹਿਰਦੇ ਰੂਪੀ ਝੋਲੀ ਵਿਚ ਸ਼ਬਦ ਰੂਪੀ ਹੀਰੇ ਨੂੰ ਪਾਇ ਕਰ ਉਹ ਗਦ ਗਦ ਹੋ ਉਠਿਆ। ਉਸ ਤੇ ਇਕ ਅਨੂਠਾ ਅਨੰਦ ਛਾ ਗਿਆ। ਗੁੰਗੇ ਦੇ ਮਠਿਆਈ ਖਾਣ ਵਾਂਗ ਉਹ ਉੱਲਰ ਉੱਲਰ ਫਿਰੇ। ਲੋਕੀਂ ਉਸ ਦੇ ਹੁਲਾਸ ਨੂੰ ਵੇਖ ਵੇਖ ਹੈਰਾਨ ਹੁੰਦੇ ਅਤੇ ਪ੍ਰਸ਼ਨ ਕਰਦੇ ਕਿ ਗੁਰਮੁਖਾ! ਕਿਹੜਾ ਲਾਲ ਤੇਰੇ ਹੱਥ ਆ ਗਿਆ ਹੈ ਕਿ ਤੂੰ ਫੁਲਿਆ ਨਹੀਂ ਸਮਾਉਂਦਾ? ਗੁਰਮੁਖ ਆਪਣੇ ਰੌਂ ਵਿਚ ਮਸਤ ਰਹਿੰਦਾ ਅਤੇ ਕਿਸੇ ਨੂੰ ਕੁਝ ਨਾ ਦਸਦਾ।

ਹਰ ਵੇਲੇ ਗੁਰਮੁਖ ਦੇ ਮਨ ਵਿਚ ਇਹ ਤੁਕ ਚੱਕਰ ਲਾਉਂਦੀ ਰਹਿੰਦੀ—

ਐਸੀ ਮਾਂਗੁ ਗੋਬਿੰਦ ਤੇ ॥
ਟਹਲ ਸੰਤਨ ਕੀ, ਸੰਗੁ ਸਾਧੂ ਕਾ,
ਹਰਿ ਨਾਮਾ ਜਪਿ ਪਰਮਗਤੇ ॥

[ਕਾਨੜਾ ਮ: ੫, ਪੰਨਾ ੧੨੯੮-੯੯

ਗ੍ਰਹਸਥੀ ਜੀਵਨ ਦਾ ਕੰਮ ਧੰਦਾ ਕਰਦਾ, ਤੁਰਦਾ ਫਿਰਦਾ ਉਹ ਇਹ ਤੁਕ ਗੁਣਗੁਣਾਉਂਦਾ ਰਹਿੰਦਾ। ਉਹ ਸੁਆਸ ਸੁਆਸ ਸਿਮਰਨ ਵਿਚ ਤਤਪਰ ਰਹਿੰਦਾ ਅਤੇ ਗੁਰਸਿਖਾਂ ਦੀ ਸੰਗਤ ਅਤੇ ਸੇਵਾ ਲੋਚਦਾ। ਗੁਰਸਿਖਾਂ ਦੇ ਦਰਸ਼ਨ ਕਰ ਕੇ ਉਹ ਨਿਹਾਲ ਹੋ ਜਾਂਦਾ। ਸਤਿਗੁਰੂ ਕਲਗੀਆਂ ਵਾਲੇ ਦੇ ਖਾਸ ਰੂਪ ਖਾਲਸਾ ਜੀ ਦੀ ਟਹਿਲ-ਸੇਵਾ ਉਹ ਬੜੇ ਚਾਈਂ ਚਾਈਂ ਕਰਦਾ ਅਤੇ ਇਸ ਤਰ੍ਹਾਂ ਸੇਵਾ ਸਿਮਰਨ ਦੇ ਗੁਰਮਤਿ ਗਾਡੀ ਰਾਹ ਤੇ ਅਗਾਂਹ ਵਧਦਾ ਗਿਆ।

ਕੀਰਤਨ-ਸਮਾਗਮਾਂ ਤੇ ਜਾਣ, ਸਾਧ ਸੰਗਤ ਮਾਨ-ਸਰੋਵਰ ਵਿਚ ਟੁੱਭੀਆਂ ਲਾਉਣ, ਗੁਰਸਿਖ ਹੰਸਲਿਆਂ ਦੀ ਸੰਗਤ ਵਿਚ ਜੁਗੋ ਜੁਗ ਅਟੱਲ ਸਤਿਗੁਰੂ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਗੁਰ-ਬਾਣੀ ਦੇ ਪਾਠ ਅਤੇ ਕੀਰਤਨ ਸੁਣਨ, ਸੁਰਤੀ ਨੂੰ ਸ਼ਬਦ ਵਿਚ ਟਿਕਾਉਣ, ਅਥਵਾ ਸ਼ਬਦ ਗੁਰੂ ਨਾਲ ਲਿਵ ਜੋੜਨ, ਗੁਰ ਕੇ ਚਰਨ ਹਿਰਦੇ ਵਸਾ-ਉਣ, ਭਾਵ ਸ਼ਬਦ ਨੂੰ ਮਨ ਵਸਾਉਣ, ਲੰਗਰ ਦੀ ਤੇ ਜੋੜਿਆਂ ਦੀ ਸੇਵਾ ਕਰਨ ਅਤੇ ਨਾਮ ਦਾ ਖੰਡਾ ਖੜਕਾਉਣ, ਗੁਰਮੁਖ ਦੇ ਜੀਵਨ ਦਾ ਅਨਿੱਖੜਵਾਂ ਅੰਗ ਬਣ ਚੁੱਕਿਆ ਸੀ। ਉਸ ਦਾ ਜੀਵਨ ਹੇਠ ਲਿਖੇ ਗੁਰਬਚਨਾਂ ਨਾਲ ਮੇਲ ਖਾਣ ਲੱਗ ਪਿਆ—

ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥
ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥
ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ,
ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥੨॥

[ਮਾਝ ਮ: ੪, ਪੰਨਾ ੯੫

ਸਤਿਗੁਰੂ ਦੇ ਇਨ੍ਹਾਂ ਬਚਨਾਂ ਤੇ ਉਸ ਨੂੰ ਪੂਰਨ ਵਿਸ਼ਵਾਸ ਸੀ—

ਵਡਭਾਗੀ ਹਰਿ ਸੰਗਤਿ ਪਾਵਹਿ ॥
ਭਾਗਹੀਨ ਭ੍ਰਮਿ ਚੋਟਾ ਖਾਵਹਿ ॥
ਬਿਨੁ ਭਾਗਾ ਸਤਸੰਗੁ ਨ ਲਭੈ,
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥

[ਮਾਝ ਮ: ੪, ਪੰਨਾ ੯੫



www.AKJ.Org

ਇਹੋ ਹੀ ਕਾਰਨ ਸੀ ਕਿ ਉਹ ਜ਼ਿੰਦਗੀ ਦੇ ਬਾਕੀ ਰੁਝੇਵੇਂ ਛੱਡ ਕੇ ਵੀ ਸਤਿਸੰਗਤ ਵਿਚ ਜਾਂਦਾ ਅਤੇ ਵਧੇਰਾ ਸਮਾਂ ਸਤਿਗੁਰੂ ਦੇ ਸਨਮੁਖ ਰਹਿੰਦਾ। ਭਾਵੇਂ ਉਹ ਘੱਟ ਵੱਧ ਹੀ ਕਿਸੇ ਨਾਲ ਗੱਲ ਬਾਤ ਕਰਦਾ, ਪਰ ਜੇ ਕਿਸੇ ਗੁਰਸਿਖ ਮੀਤ ਨਾਲ ਬਚਨ ਬਿਲਾਸ ਹੋ ਜਾਣ ਤਾਂ ਹੇਠ ਲਿਖਿਆ ਟੁਣਕਾਰਾ ਲਾ ਕੇ ਭੋਗ ਪਾ ਛੱਡਦਾ—

ਬਿਨੁ ਭਾਗਾ ਸਤਸੰਗੁ ਨ ਲਭੈ,
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥

( ੩ )

'ਗੁਰਮੁਖ' ਨਾਮ ਬਾਣੀ ਦੇ ਰਸੀਏ ਗੁਰਸਿਖ ਵੀਰਾਂ ਭੈਣਾ ਦੀ ਸੰਗਤ ਵਿਚ ਰਹਿ ਕੇ ਬੜਾ ਖੁਸ਼ ਹੁੰਦਾ, ਕਿਉਂ ਜੁ ਉਨ੍ਹਾਂ ਦੀ ਸੰਗਤ ਵਿਚ ਉਸ ਨੂੰ ਗੁਰਸਿਖ-ਸਖੀ-ਸਹੇਲੀਆਂ ਕੋਲੋਂ ਆਪਣੇ ਸ਼ਹੁ ਪ੍ਰੀਤਮ ਦੀਆਂ ਬਾਤਾਂ ਸੁਣਨ ਦਾ ਸੁਭਾਗ ਪ੍ਰਾਪਤ ਹੁੰਦਾ। ਦੁਨੀਆ ਵਿਚ ਵਿਚਰਦਿਆ ਜਿੱਥੇ ਕਿੱਧਰੇ ਉਸ ਨੂੰ ਖਾਲਸੇ ਦੇ ਦਰਸ਼ਨ ਹੋ ਜਾਂਦੇ, ਉਹ ਧਾਈ ਕਰ ਕੇ ਉਸ ਕੋਲ ਪੁੱਜ ਜਾਂਦਾ ਅਤੇ ਜਾ ਫ਼ਤਹ ਗਜਾਉਂਦਾ।

ਇਕ ਵੇਰ ਗੁਰਮੁਖ ਬੰਬਈ ਤੋਂ ਆ ਰਿਹਾ ਸੀ। ਪੁਰਾਣੀ ਦਿਲੀ ਰੇਲਵੇ ਸਟੇਸ਼ਨ ਤੇ ਗੱਡੀ ਦੇ ਪੁੱਜਦਿਆਂ ਹੀ ਉਸ ਨੂੰ ਇਕ ਸੋਹਣੇ ਸੁਣੱਖੇ ਸੀਰ, ਸਾਬਤ ਸੂਰਤ, ਗਾਤਰੇ ਤਿੰਨ ਫੁਟੀ ਕਿਰਪਾਨ, ਸਿਰ ਬਸੰਤੀ ਗੁਰਮੁਖੀ ਦਸਤਾਰ, ਖਾਲਸਈ ਡੀਲ ਡੌਲ ਵਾਲੇ ਸਿੰਘ ਜੀ ਦੇ ਦਰਸ਼ਨ ਹੁੰਦਿਆਂ ਹੀ ਮਨ ਮੋਹਿਆ ਗਿਆ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਰੂਪ ਦੇ ਦਰਸ਼ਨ ਹੁੰਦਿਆਂ ਹੀ ਇਉਂ ਅਨੁਭਵ ਹੋਇਆ ਜਿਵੇਂ ਸਤਿਗੁਰੂ ਜੀ ਨੇ ਪ੍ਰਤੱਖ ਦਰਸ਼ਨ ਦਿਤੇ ਹੋਣ। "ਖਾਲਸਾ ਮੇਰੋ ਰੂਪ ਹੈ ਖਾਸ" ਦੀ ਝਲਕ ਨਜ਼ਰ ਪਈ। ਗੁਰਮੁਖ, ਸਿੰਘ ਸਾਹਿਬ ਦੇ ਦਰਸ਼ਨ ਕਰਦਿਆਂ ਹੀ ਗੱਦ ਗੱਦ ਹੋ ਗਿਆ। ਜਿਉਂ ਹੀ ਗੱਡੀ ਰੁਕੀ, ਗੁਰਮੁਖ ਧਾਈ ਕਰ ਕੇ ਸਿੰਘ ਸਾਹਿਬ ਕੋਲ ਜਾ ਪੁੱਜਿਆ ਤੇ ਜਾ ਫ਼ਤਹ ਗਜਾਈ। ਫ਼ਤਹ ਦਾ ਉਤਰ ਦੇ ਕੇ ਸਿੰਘ ਸਾਹਿਬ ਪਲੇਟਫ਼ਾਰਮ ਤੇ ਖਲੋਤੀ ਗੱਡੀ ਉਤੇ ਜਾ ਚੜ੍ਹੇ ਅਤੇ ਗੁਰਮੁਖ ਦੇ ਦੇਖਦਿਆਂ ਦੇਖਦਿਆਂ ਹੀ ਓਸ ਗੱਡੀ ਨੇ ਸੀਟੀ ਮਾਰੀ ਅਤੇ ਛਕ ਛਕ ਕਰਦੀ ਟੁਰ ਗਈ।

ਗੱਡੀ ਚਲ ਗਈ ਅਤੇ ਗੁਰਮੁਖ ਪਲੇਟ-ਫ਼ਾਰਮ ਤੇ ਖਲੋਤਾ ਬਿਟ ਬਿਟ ਤਕਦਾ ਰਿਹਾ। ਉਸ ਦੇ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ। ਦਿਲ ਵਿਚ ਅਰਮਾਨ ਸੀ ਕਿ ਗੁਰੂ ਰੂਪ ਖਾਲਸੇ ਦੇ ਦਰਸਨ ਕਰੀ ਜਾਵਾਂ। ਬੱਸ! ਮਨ ਵਿਚ ਇੱਕ ਦਰਸ਼ਨਾਂ ਦੀ ਹੀ ਸਿੱਕ ਸੀ।

ਕੁਝ ਸਮੇਂ ਬਾਅਦ ਗੁਰਮੁਖ ਹੋਰਾਂ ਦਾ ਡੱਬਾ ਇਕ ਹੋਰ ਗੱਡੀ ਨਾਲ ਲੱਗ ਕੇ ਵਾਪਸ ਨਵੀਂ ਦਿਲੀ ਦੇ ਸਟੇਸ਼ਨ ਤੇ ਆ ਗਿਆ। ਉਥੇ ਪੁਜਦਿਆਂ ਗੁਰਮੁਖ ਨੂੰ ਫਿਰ ਉਸੇ ਨੂਰਾਨੀ ਸੂਰਤ, ਸਿੰਘ ਖ਼ਾਲਸੇ ਦੇ ਦਰਸ਼ਨ ਹੋਏ। ਗੱਡੀ ਦੇ ਪਲੇਟਫ਼ਾਰਮ ਤੇ ਖਲੋਂਦਿਆ ਹੀ ਗੁਰਮੁਖ ਫਿਰ ਧਾਈ ਕਰ ਕੇ ਸਿੰਘ ਸਾਹਿਬ ਕੋਲ ਜਾ ਪੁੱਜਾ। ਫ਼ਤਹ ਗੱਜਾ ਕੇ ਕੋਲ ਖਲੋ ਗਿਆ ਅਤੇ ਸੋਹਣੀ ਸੂਰਤੀ ਨੂੰ ਤੱਕਦਾ ਗਿਆ। ਬੱਸ! ਦਰਸ਼ਨ ਦੀ ਸਿੱਕ ਪੂਰੀ ਹੋ ਗਈ।

ਸਿੰਘ ਸਾਹਿਬ ਬੈਂਚ ਤੇ ਬੈਠ ਗਏ ਅਤੇ ਗੁਰ-ਮੁਖ ਭੀ ਉਸ ਕੋਲ ਜਾ ਬੈਠਿਆ। ਬਚਨ ਬਿਲਾਸ ਸ਼ੁਰੂ ਹੋ ਗਏ। ਸਿੰਘ ਸਾਹਿਬ ਦੇ ਗੁਰਸਿਖੀ ਜੀਵਨ ਬਾਬਤ ਸੁਣ ਬੁੱਝ ਕੇ ਗੁਰਮੁਖ ਦਾ ਮਨ ਗਦ ਗਦ ਹੋ ਗਿਆ। ਇਕ ਗੁਰਸਿੱਖ ਦੇ ਦਰਸ਼ਨ ਕਰ ਕੇ ਮਨ ਨਿਹਾਲ ਹੋ ਗਿਆ। ਥੋੜੇ ਸਮੇਂ ਬਾਅਦ ਮਦਰਾਸ ਮੇਲ ਪਲੇਟਫ਼ਾਰਮ ਤੇ ਆ ਲਗੀ ਅਤੇ ਸਿੰਘ ਸਾਹਿਬ ਉਸ ਵਿਚ ਸਵਾਰ ਹੋ ਕੇ ਆਪਣੇ ਮੱਧਿਯਾ ਪ੍ਰਦੇਸ਼ ਵਾਲੇ ਟਿਕਾਣੇ ਨੂੰ ਚਾਲੇ ਪਾ ਗਏ।

( ੪ )

ਸਮਾਂ ਬੀਤਦਾ ਗਿਆ। ਇਕ ਦਿਨ ਉਸ ਅਨੂਠੇ ਸਿੰਘ ਸਾਹਿਬ ਦੀ ਸਿੰਘਣੀ ਦੀ ਚਿੱਠੀ ਗੁਰਮੁਖ ਨੂੰ ਮਿਲੀ। ਜਿਸ ਨੂੰ ਪੜ ਕੇ ਉਹ ਦੰਗ ਰਹਿ ਗਿਆ। ਦੁਖੀ ਬੀਬੀ ਨੇ ਖ਼ਤ ਵਿਚ ਇਹ ਕੁਝ ਲਿਖਿਆ ਹੋਇਆ ਸੀ :—



www.AKJ.Org

"ਗੁਰਸਿੱਖ ਵੀਰ ਜੀ! ਅਸੀਂ ਅੱਜ ਤੋਂ ਪੰਜ ਸਾਲ ਪਹਿਲਾਂ ਜ਼ਿਲਾ ਅੰਬਾਲਾ ਵਿਚ ਰਹਿੰਦੇ ਸੀ। ਉਥੇ ਸਾਡੇ ਸਿੰਘ ਸਾਹਿਬ ਜੀ ਦਾ ਜੀਵਨ ਬਹੁਤ ਹੀ ਉੱਚਾ ਸੀ। ਦੋ ਟੈਮ (ਵੇਲੇ) ਮਹਾਰਾਜ ਦੀ ਹਾਜ਼ਰੀ ਭਰਨੀ, ਨਿਤਨੇਮ ਕਰਨਾ ਅਤੇ ਗੁਰਸਿਖਾਂ ਦੀ ਸੰਗਤ ਕਰਨੀ। ਵਧੇਰੀ ਜ਼ਮੀਨ ਦੇ ਲਾਲਚ ਵਿਚ ਸਾਨੂੰ ਮੱਧਯਾ ਪ੍ਰਦੇਸ਼ ਆਉਣਾ ਪਿਆ। ਇਥੇ ਆ ਕੇ ਅਸੀਂ ਸੰਗਤ ਤੋਂ ਟੁੱਟ ਗਏ ਅਤੇ ਗਿਰਾਵਟ ਆਉਣੀ ਸ਼ੁਰੂ ਹੋ ਗਈ। ਹੁਣ ਇਨ੍ਹਾਂ ਦਾ ਜੀਵਨ ਬਹੁਤ ਹੀ ਡਿੱਗ ਗਿਆ ਹੈ। ਨਿੱਤਨੇਮ ਛੁੱਟ ਗਿਆ ਹੈ ਅਤੇ ਰੋਜ਼ ਦਾ ਸ਼ਰਾਬ ਪੀਣਾ ਸ਼ੁਰੂ ਹੋ ਗਿਆ ਹੈ। ਵਾਹਿਗੁਰੂ ਦੀ ਥਾਂ ਮੂੰਹ ਵਿਚੋਂ ਇਹੋ ਜਿਹੇ ਸ਼ਬਦ ਨਿਕਲਦੇ ਹਨ ਜਿਹੜੇ ਸੁਣੇ ਨਹੀਂ ਜਾਂਦੇ।

"ਘਰ ਮਹਾਰਾਜ ਦਾ ਪ੍ਰਕਾਸ਼ ਹੈ ਅਤੇ ਹਾਰਮੋਨੀਅਮ ਵੀ ਰੱਖਿਆ ਹੋਇਆ ਹੈ। ਥੋੜ੍ਹਾ ਬਹੁਤ ਕੀਰਤਨ ਵੀ ਕਰ ਲਈਦਾ ਹੈ। ਮੈਂ ਇਨ੍ਹਾਂ ਨੂੰ ਕਹਿੰਦੀ ਹਾਂ ਕਿ ਤੁਸੀਂ ਸ਼ਰਾਬ ਛੱਡ ਦਿਓ ਪਰ ਇਹ ਕਹਿੰਦੇ ਹਨ ਕਿ ਮਹਾਰਾਜ ਨੇ ਚੌਦ੍ਹਾਂ ਰਤਨਾਂ ਵਿਚ ਸ਼ਰਾਬ ਵੀ ਦੱਸੀ ਹੈ ਅਤੇ ਸ਼ਰਾਬ ਕੁਰਹਿਤ ਵਿਚ ਨਹੀਂ ਹੈ।

"ਮੈਂ ਆਪ ਜੀ ਦੇ ਅੱਗੇ ਹੱਥ ਜੋੜ ਕੇ ਬੇਨਤੀ ਕਰਦੀ ਹਾਂ ਕਿ ਤੁਸੀਂ ਇਨ੍ਹਾਂ ਨੂੰ ਇਕ ਸਪੈਸ਼ਲ ਚਿੱਠੀ ਲਿਖੋ ਜਿਸ ਵਿਚ ਗੁਰਬਾਣੀ ਦਾ ਹਵਾਲਾ ਦੇ ਕੇ ਸ਼ਰਾਬ ਬਾਰੇ ਤਾੜਨਾ ਕਰਨੀ। ਹੋ ਸਕਦਾ ਹੈ, ਤੁਹਾਡਾ ਹੀ ਅਸਰ ਇਨ੍ਹਾਂ ਤੇ ਪੈ ਜਾਏ ਅਤੇ ਅੱਗੇ ਨੂੰ ਸਾਡੇ ਬੱਚਿਆਂ ਤੇ ਭੀ ਚੰਗਾ ਪ੍ਰਭਾਵ ਪਵੇ। ਬਾਕੀ ਹੋਰ ਕੀ ਲਿਖਾਂ, ਦਿਲ ਬਹੁਤ ਦੁਖੀ ਹੈ। ਤੁਸੀਂ ਗੁਰਸਿਖ ਹੀ ਇਨ੍ਹਾਂ ਨੂੰ ਸਿੱਧੇ ਰਾਹ ਪਾ ਸਕਦੇ ਹੋ। ਤੁਸੀਂ ਅਰਦਾਸ ਕਰਨੀ। ਮਹਾਰਾਜ ਆਪਣੇ ਸਿੰਘਾਂ ਨੂੰ ਫੇਰ ਸਿੱਧੇ ਰਸਤੇ ਪਾਉਣ। ਸਾਡੀ ਤਾਂ ਪਾਪੀਆਂ ਦੀ ਅਰਦਾਸ ਵੀ ਮਹਾਰਾਜ ਮਨਜ਼ੂਰ ਨਹੀਂ ਕਰਦਾ।"

ਇਹ ਖ਼ਤ ਪੜ੍ਹ ਕੇ ਗੁਰਮੁਖ ਸੋਚੀਂ ਪੈ ਗਿਆ ਅਤੇ ਕੁਝ ਦੇਰ ਬਾਅਦ ਉਸ ਦੇ ਹਿਰਦੇ ਵਿਚੋਂ ਇਹ ਆਵਾਜ਼ ਉੱਠੀ—

"ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥"

(੫)

ਬੀਬੀ... ... ਕੌਰ ਦੀ ਚਿੱਠੀ ਦਾ ਗੁਰਮੁਖ ਤੇ ਬਹੁਤ ਡੂੰਘਾ ਅਸਰ ਪਿਆ। ਕਿੱਡੀ ਰਾਤ ਤਕ ਉਹ ਸਿੰਘ ਸਾਹਿਬ ਦੀ ਦਸ਼ਾ ਬਾਰੇ ਸੋਚਦਾ ਰਿਹਾ। ਦੂਜੇ ਦਿਨ ਉਸ ਨੇ ਸਤਿਗੁਰੂ ਜੀ ਦੇ ਚਰਨਾਂ ਵਿਚ ਬੈਠ ਕੇ ਸਿੰਘ ਸਾਹਿਬ ਨੂੰ ਇਉਂ ਪੱਤਰ ਲਿਖਿਆ—

੧ ਓ ਸਤਿਗੁਰ ਪ੍ਰਸਾਦਿ ॥ .. ... ... ...

੧੧-੧੨-੭੩

ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਡਲੀ ਫ਼ੌਜ ਦੇ ਗੁਰਸਿਖ ਮੀਤਾ ਜੀਓ!

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਹ।

ਪਿਆਰੇ ਜੀਓ! ਅੱਜ ਤੋਂ ਕੋਈ ਪੌਣੇ ਦੋ ਸਾਲ ਪਹਿਲਾਂ ਦਾਸ ਨੂੰ ਦਿਲੀ ਜੰਕਸ਼ਨ ਤੇ ਆਪ ਜੀ ਦੇ ਦਰਸ਼ਨ ਹੋਏ। ਤੁਹਾਡੇ ਗੁਰਸਿੱਖੀ ਜੀਵਨ ਬਾਬਤ ਸੁਣ ਬੁਝ ਕੇ ਮਨ ਗਦ ਗਦ ਹੋ ਗਿਆ। ਇਕ ਗੁਰਸਿਖ ਦੇ ਦਰਸ਼ਨ ਕਰ ਕੇ ਮਨ ਨਿਹਾਲ ਹੋ ਗਿਆ।

ਪਿਆਰੇ ਜੀਓ! ਇਹ ਤੇ ਸੀ ਉਦੋਂ ਦੀ ਝਲਕ, ਪਰ ਹੁਣ ਤੇ ਕੁਝ ਹੋਰ ਹੀ ਸੁਣਿਆ ਹੈ। ਪਤਾ ਲੱਗਾ ਹੈ ਕਿ ਤੁਸੀਂ ਨਿੱਤਨੇਮ ਛੱਡ ਬੈਠੇ ਹੋ ਅਤੇ ਨਾਮ ਬਾਣੀ ਦੇ ਅੰਮ੍ਰਿਤ ਰਸ ਨੂੰ ਛੱਡ ਕੇ ਬਿੱਖ ਦੇ ਅਮਲੀ ਬਣ ਗਏ ਹੋ। ਸ਼ਰਾਬ ਪੀਣ ਲੱਗ ਪਏ ਹੋ ਅਤੇ ਸ਼ਰਾਬ ਨੂੰ ਚੌਦ੍ਹਵਾਂ ਰਤਨ ਦੱਸਣ ਲਗ ਪਏ ਹੋ। ਸਤਿ-ਸੰਗਤ ਤੋਂ ਟੁਟ ਕੇ ਅਤੇ ਕੁਸੰਗਤ ਵਿਚ ਫਸ ਕੇ ਇਹ ਸਮਝਣ ਲੱਗ ਪਏ ਹੋ ਕਿ ਸ਼ਰਾਬ ਦੇ ਪੀਤਿਆਂ ਸਿਖ ਪਤਿਤ ਨਹੀਂ ਹੁੰਦਾ। ਇੱਥੇ ਹੀ ਬੱਸ ਨਹੀਂ, ਤੁਸੀਂ ਸ਼ਰਾਬ ਦੇ ਨਸ਼ੇ ਵਿਚ ਊਲ ਜਲੂਲ ਵੀ ਬੋਲਦੇ ਰਹਿੰਦੇ ਹੋ। ਕੀ ਗੁਰੂ ਦੇ ਬਚਨਾਂ (ਗੁਰਬਾਣੀ) ਨੂੰ ਵਿਸਾਰ ਕੇ ਕੁਬਚਨ ਬੋਲਣੇ



www.AKJ.Org

ਗੁਰਮੁਖਤਾਈ ਹੈ ?

ਐ ਗੁਰਮਤਿ ਗਾਡੀ ਰਾਹ ਤੋਂ ਕੁਰਾਹੇ ਪੈ ਚੁਕੇ ਪ੍ਰਾਣੀ ! ਮਤ ਸਮਝ ਕਿ ਸ਼ਰਾਬ ਪੀਣ ਨਾਲ ਸਿੱਖ ਪਤਿਤ ਨਹੀਂ ਹੁੰਦਾ। ਸ਼ਰਾਬ ਤਾਂ "ਝੂਠਾ ਮਦ" ਹੈ ਅਤੇ ਦੁਰਮਤਿ ਦਾ ਉਸਾਰੂ ਹੈ । ਇਸ ਦੇ ਪੀਤਿਆਂ ਕੁਮੱਤ ਉਪਜਦੀ ਹੈ । ਆਦਮੀ ਕੁਰਾਹੇ ਪੈ ਜਾਂਦਾ ਹੈ ਅਤੇ ਨਰਕ ਘੋਰ ਵਿਚ ਜਾ ਡਿਗਦਾ ਹੈ । ਗੁਰੂ ਦੀ ਬਾਣੀ ਨੂੰ ਛਡ ਕੇ, ਨਿੱਤਨੇਮ ਨੂੰ ਵਿਸਾਰ ਕੇ "ਹੋਛੇ ਮਦ" ਪੀ ਕੇ ਅਨੰਦ ਲੱਭਣ ਵਾਲਾ ਕਦੇ ਵੀ ਸੁਖੀ ਨਹੀਂ ਰਹਿ ਸਕਦਾ, ਦਰ ਦਰ ਦੇ ਠੇਡੇ ਹੀ ਖਾਂਦਾ ਹੈ । ਗੁਰੂ ਤੋਂ ਬੇਮੁਖ ਹੋਇਆਂ ਧੱਕੇ ਹੀ ਮਿਲਦੇ ਹਨ।

ਐ ਗੁਰਮਤਿ ਤੋਂ ਘੁਥੇ ਪ੍ਰਾਣੀ ! ਕੀ ਤੂੰ ਛਿਨ-ਭੰਗਰ ਅਨੰਦ ਚਾਹੁੰਦਾ ਹੈਂ ਜਾਂ ਸਦੀਵੀ ਖੁਸ਼ੀ ? ਸਤਿਗੁਰੂ ਜੀ ਤਾਂ ਕਹਿੰਦੇ ਹਨ–

ਹਰਿ ਰਸੁ ਪੀਵਤ ਸਦ ਹੀ ਰਾਤਾ ॥
ਆਨ ਰਸਾ ਖਿਨ ਮਹਿ ਲਹਿ ਜਾਤਾ ॥
ਹਰਿ ਰਸ ਕੇ ਮਾਤੇ ਮਨਿ ਸਦਾ ਅਨੰਦ ॥
ਆਨ ਰਸਾ ਮਹਿ ਵਿਆਪੈ ਚਿੰਦ ॥੧॥
ਹਰਿ ਰਸੁ ਪੀਵੈ ਅਲਮਸਤ ਮਤਵਾਰਾ ॥
ਆਨ ਰਸਾ ਸਭਿ ਹੋਛੇ ਰੇ ॥ (ਪੰ: ੩੭੭)

ਪੰਚਮ ਪਾਤਿਸ਼ਾਹ ਆਸਾ ਰਾਗ ਵਿਚ ਫ਼ੁਰਮਾਉਂਦੇ ਹਨ–

ਦੁਰਮਤਿ ਮਦੁ ਜੋ ਪੀਵਤੇ,
ਬਿਖਲੀਪਤਿ ਕਮਲੀ ॥
ਰਾਮ ਰਸਾਇਣਿ ਜੋ ਰਤੇ
ਨਾਨਕ ਸਚ ਅਮਲੀ ॥੪॥੧੨॥(ਪੰ: ੩੯੯)

ਭਾਵ ਜਿਹੜੇ ਮਨੁੱਖ ਸ਼ਰਾਬ ਪੀਣ ਲੱਗ ਜਾਂਦੇ ਹਨ, ਉਹ ਦੁਰਾਚਾਰੀ ਅਤੇ ਝੱਲੇ ਹੋ ਜਾਂਦੇ ਹਨ, ਪਰ ਜਿਹੜੇ ਨਾਮ ਰਸ ਵਿਚ ਮਸਤ ਰਹਿੰਦੇ ਹਨ ਉਹ ਸੱਤ ਦੇ ਪਾਂਧੀ ਹੋ ਨਿੱਬੜਦੇ ਹਨ।

ਰਹਿਤਨਾਮੇ ਵਿਚ ਸਪੱਸ਼ਟ ਅੱਖਰਾਂ ਵਿਚ ਲਿਖਿਆ ਹੋਇਆ ਹੈ–"ਗੁਰੂ ਕਾ ਸਿੱਖ ਸ਼ਰਾਬ ਨਾ ਪੀਵੈ।"

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ—

ਜਿਤੁ ਪੀਤੈ ਮਤਿ ਦੂਰਿ ਹੋਇ,
ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ,
ਖਸਮਹੁ ਧਕੇ ਖਾਇ ।
ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥ (੫੫੪)

ਸਤਿਗੁਰੂ ਜੀ ਅੰਤ ਤਾੜਨਾ ਕਰਦੇ ਹਨ–

"ਝੂਠਾ ਮਦੁ ਮੂਲਿ ਨ ਪੀਚਈ"

ਐ ਕੁਰਾਹੇ ਪੈ ਚੁਕੇ ਪ੍ਰਾਣੀ ! ਮੱਤ ਸਮਝ ਕਿ ਸ਼ਰਾਬ ਇਨਸਾਨ ਦਾ ਕੁਝ ਨਹੀਂ ਵਿਗਾੜਦੀ। ਇਹ ਤਾ ਸ਼ਰ-ਆਬ (ਸ਼ਰਾਰਤ ਵਾਲਾ ਪਾਣੀ) ਹੈ। ਇਹ ਸ਼ਰਾਰਤ ਦੀ ਜੜ੍ਹ ਹੈ ਅਤੇ ਆਚਰਨ ਨੂੰ ਵਿਗਾੜਨ ਦੀ ਜ਼ਹਿਰ ਹੈ। ਇਸ ਦੇ ਪੀਣ ਨਾਲ ਹੀ ਆਦਮੀ ਦਾ ਚਾਲ ਚਲਣ ਵਿਗੜਦਾ ਹੈ ਅਤੇ ਮਨੁੱਖ ਕਾਮੀ, ਕਪਟੀ, ਲੋਭੀ, ਪਖੰਡੀ ਅਤੇ ਹੰਕਾਰੀ ਬਣਦਾ ਹੈ। ਕੀ ਇਨ੍ਹਾਂ ਬੀਮਾਰੀਆਂ ਦੇ, ਸ਼ੀਰ ਰੂਪੀ ਕਿਲ੍ਹੇ ਅੰਦਰ ਆ ਘੁਸਣ ਉਪ੍ਰੰਤ ਕੋਈ ਪ੍ਰਾਣੀ ਗੁਰਮੁਖ ਰਹਿ ਸਕਦਾ ਹੈ ?... ... ਬਿਲਕੁਲ ਨਹੀਂ ।

ਐ ਬਿਖ ਦੇ ਅਮਲੀ ! ਹੋਸ਼ ਕਰ ! ਸੰਭਲ ! ਆਪਣੇ ਸਿੱਖੀ ਬਾਣੇ ਨੂੰ ਕਲੰਕਤ ਨਾ ਕਰ ! ਵਿਸ਼ੇ ਵਿਕਾਰਾਂ ਦਾ ਜੀਵਨ ਛੱਡ। ਗੁਰੂ ਦਰਬਾਰ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਆਪਣੀਆਂ ਭੁਲਾਂ ਬਖ਼ਸ਼ਵਾ, ਮੁੜ ਅੰਮ੍ਰਿਤ ਛਕ ਕੇ ਅੰਮ੍ਰਿਤ ਨਾਮ ਦੀ ਟਹਿਣੀ ਪਕੜ ਅਤੇ ਭਵਜਲ ਵਿਚੋਂ ਪਾਰ ਹੋ !

ਸ਼ੁਭਚਿੰਤਕ,

... ... ... ...

( ੬ )

ਕਾਫ਼ੀ ਸਮੇਂ ਬਾਅਦ ਉਸੇ ਹੀ ਬੀਬੀ ਦਾ ਗੁਰਮੁਖ ਨੂੰ ਇਕ ਖ਼ਤ ਫਿਰ ਮਿਲਿਆ, ਜਿਸ ਤੇ ੯-੨-੭੯ ਦੀ ਮੋਹਰ ਲੱਗੀ ਹੋਈ ਸੀ ਅਤੇ ਜਿਹੜਾ ਇਉਂ ਲਿਖਿਆ ਹੋਇਆ ਸੀ–

"ਸਤਿਕਾਰ ਯੋਗ ਗੁਰਸਿਖ ਖ਼ਾਲਸਾ ਜੀਓ !

(ਬਾਕੀ ਦੇਖੋ ਸਫ਼ਾ ੧੪ ਦੇ ਹੇਠ)



www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੨)

[ਵਲੋਂ—ਕੈਪਟਿਨ ਸਵਰਨ ਸਿੰਘ ਜੀ ਘੜਿਆਲਾ]

## ਜਲੰਧਰ ਦੁਆਬ ਖਾਲਸੇ ਰਾਣ ਮਾਰਿਆ

ਕਸੂਰ ਨੂੰ ਸੋਧਣ ਲਈ ਸ੍ਰੀ ਅੰਮ੍ਰਿਤਸਰ ਸਾਹਿਬੋਂ ਸਿਰਫ ਪੰਜ ਮਿਸਲਾਂ ਹੀ ਚੜ੍ਹੀਆਂ ਸਨ। ਇਹਨਾਂ ਦਾ ਨਾਉਂ ਹੀ ਤਰੁਨਾ ਦਲ ਸੀ। ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ, ਇਨ੍ਹਾਂ ਦੇ ਜ਼ਿੰਮੇ ਸ੍ਰੀ ਅੰਮ੍ਰਿਤਸਰ ਰਹਿ ਕੇ ਸ੍ਰੀ ਦਰਬਾਰ ਸਾਹਿਬ ਤੇ ਸਰੋਵਰ ਅਤੇ ਇਰਦ ਗਿਰਦ ਦੀਆਂ ਇਮਾਰਤਾਂ ਜਿਹੜੀਆਂ ਅਬਦਾਲੀ ਢਾਹ ਗਿਆ ਸੀ, ਦੀ ਮੁੜ ਨਵੇਂ ਸਿਰਿਉਂ ਉਸਾਰੀ ਦਾ ਕੰਮ ਸੀ। ਸ੍ਰੀ ਦਰਬਾਰ ਸਾਹਿਬ ਦੀ ਅਜੇ ਨਵੇਂ ਸਿਰ ਨੀਂਹ ਨਹੀਂ ਸੀ ਰਖੀ ਗਈ। ਬਾਕੀ ਛੇ ਮਿਸਲਾਂ, ਜਿਨ੍ਹਾਂ ਨੂੰ ਬੁੱਢਾ ਦਲ ਕਿਹਾ ਜਾਂਦਾ ਸੀ, ਉਸ ਵੇਲੇ ਮੁਲਕ ਵਿਚ ਫਿਰਨ ਲਈ ਸ: ਜੱਸਾ ਸਿੰਘ ਜੀ ਆਹਲੂਵਾਲੀਏ ਦੀ ਕਮਾਨ ਥਲੇ ਚੜ੍ਹਦੇ ਨੂੰ ਰਵਾਨਾ ਹੋ ਕੇ, ਬਿਆਸ ਲੰਘ ਕੇ ਜਲੰਧਰ ਦੁਆਬ ਵਿਚ ਆਪਣੀ ਰਾਖੀ ਵਾਲੇ ਇਲਾਕੇ ਵਿਚ ਜਾ ਪੁਜੀਆਂ ਸਨ। ਇਹਨਾਂ ਦਾ ਮਨੋਰਥ ਆਪਣੇ ਤਹਿਤ ਟਿਕਾਣਿਆਂ ਨੂੰ ਪੱਕਿਆਂ ਕਰਨਾ ਅਤੇ ਦੁਰਾਨੀਆਂ ਦੇ ਅਸਰ ਤੇ ਬੰਦੋਬਸਤ ਨੂੰ ਹੂੰਝਾ ਫੇਰਨਾ ਸੀ।

ਅਹਿਮਦ ਸਾਹ ਅਫ਼ਗਾਨਿਸਤਾਨ ਨੂੰ ਜਾਣ ਲਗਾ ਜਲੰਧਰ ਦੁਆਬ ਦਾ ਬੰਦੋਬਸਤ ਕਰਨ ਲਈ ਨਵਾਬ ਸਆਦਤ ਯਾਰ ਖਾਨ ਨੂੰ, ਜੋ ਕਿ ਇਕ ਤਜਰਬੇਕਾਰ ਅਤੇ ਉਘਾ ਨਾਜ਼ਮ ਸੀ, ਇਸ ਇਲਾਕੇ ਦਾ ਗਵਰਨਰ ਥਾਪ ਗਿਆ ਸੀ। ਬੁੱਢਾ ਦਲ ਦੇ ਜਲੰਧਰ ਦੁਆਬ ਵਿਚ ਵੜਦਿਆਂ ਹੀ ਥਲਕਾ ਮੱਚ ਗਿਆ। ਸਆਦਤ ਯਾਰ ਖਾਨ ਸਿੰਘਾਂ ਤੋਂ ਬੜਾ ਹੀ ਭੈ

---

(ਸਫ਼ਾ ੧੩ ਦੀ ਬਾਕੀ)

ਦੋਵੇਂ ਹੱਥ ਜੋੜ ਕੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ। ਅੱਗੇ ਬੇਨਤੀ ਹੈ ਕਿ ਬਹੁਤ ਦੇਰ ਹੋ ਗਈ ਮੈਂ ਆਪ ਜੀ ਨੂੰ ਇਕ ਪੱਤਰ ਲਿਖਿਆ ਸੀ ਅਤੇ ਆਪ ਜੀ ਨੇ ਉੱਤਰ ਦਿਤਾ ਸੀ ਕਿ ਗੁਰੂ ਤੋਂ ਬੇਮੁਖ ਹੋ ਕੇ ਥਾਂ ਥਾਂ ਦੇ ਧੱਕੇ ਖਾਣੇ ਪੈਂਦੇ ਹਨ। ਗੁਰਸਿਖਾਂ ਦਾ ਵਾਕ ਐਸਾ ਹੋਇਆ ਹੈ ਕਿ ਅਸੀਂ ਉਸ ਦਿਨ ਤੋਂ ਹੀ ਬਹੁਤ ਮੁਹਤਾਜ਼ ਹਾਂ ਅਤੇ ਕਰਜ਼ਾਈ ਵੀ ਬਹੁਤ ਹੋ ਗਏ ਹਾਂ। ਲੋਕਾਂ ਦੀ ਫ਼ਸਲ ਬਹੁਤ ਚੰਗੀ ਹੁੰਦੀ ਹੈ ਤੇ ਸਾਡਾ ਗੁਜ਼ਾਰਾ ਵੀ ਨਹੀਂ ਹੁੰਦਾ। ਸਿੰਘਾਂ ਦਾ ਸਰਾਪ ਲੱਗ ਗਿਆ ਹੈ। ਮੈਨੂੰ ਸਿੰਘ ਬਹੁਤ ਤੰਗ ਕਰਦਾ ਹੈ ਕਿ ਤੂੰ ਸਰਾਪ ਲਿਆ ਹੈ ਅਤੇ ਤੂੰ ਹੀ ਬਚਨ ਵਾਪਸ ਕਰਵਾ। "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ"। ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬੇਦਾਵਾ ਪਾੜ ਦਿਤਾ ਸੀ। ਮੇਰੀ ਹੱਥ ਜੋੜ ਕੇ ਬੇਨਤੀ ਹੈ ਗੁਰਸਿਖ ਆਪਣਾ ਬਚਨ ਵਾਪਸ ਲੈਣ ਅਤੇ ਗੁਰੂ ਅੱਗੇ ਨਿਮਾਣਿਆਂ ਦੀ ਅਰਦਾਸ ਕਰਨ ਕਿ ਸਤਿਗੁਰੂ ਰਿਜ਼ਕ ਦੇ ਗੱਫੇ ਦੇਵੇ ਅਤੇ ਅਸੀਂ ਆਪਣੀਆਂ ਭੁੱਲਾਂ ਬਖਸ਼ਵਾਈਏ। ਗੁਰਸਿੱਖਾਂ ਦੇ ਅਤੇ ਗੁਰੂ ਘਰ ਦੇ ਦਰਸ਼ਨ ਕਰੀਏ।"

ਚਿੱਠੀ ਪੜ੍ਹ ਕੇ ਕੁਝ ਦੇਰ ਗੁਰਮੁਖ ਸੋਚਦਾ ਰਿਹਾ। ਸੋਚਦਿਆਂ ਸੋਚਦਿਆਂ ਉਸ ਦੇ ਅੰਤਰ ਆਤਮੇ ਇਕ ਅਜਿਹੀ ਤਰੰਗ ਉੱਠੀ ਕਿ ਉਹ ਇਕ ਦੰਮ ਉੱਠਿਆ ਅਤੇ ਸਤਿਗੁਰੂ ਦੇ ਹਜ਼ੂਰ ਗਲ ਪੱਲਾ ਪਾ, ਦੋਇ ਕਰ (ਹੱਥ) ਜੋੜਿ, ਅੰਤਰ ਧਿਆਨ ਹੋ ਜਾਇ ਖਲੋਤਾ।



www.AKJ.Org

ਭੀਤ ਸੀ । ਆਪ ਤਾਂ ਜਲੰਧਰੋਂ ਨਾ ਨਿਕਲਿਆ, ਪਰ ਆਪਣੇ ਨਮਕ-ਹਲਾਲ ਤੇ ਪਰਖੇ ਹੋਏ ਦੀਵਾਨ ਬਿਸ਼ੰਭਰ ਨਾਥ ਲਸਾੜੇ ਵਾਲੇ ਨੂੰ ਸਿੰਘਾਂ ਦੇ ਟਾਕਰੇ ਲਈ ਆਪਣੀਆ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਰਲਾ ਮਿਲਾ ਕੇ (੨੫ ਕੁ ਹਜ਼ਾਰ ਦੀ ਨਫ਼ਰੀ ਵਾਲੀਆਂ) ਫ਼ੌਜਾਂ ਦੇ ਕੇ ਅੱਗੇ ਕੀਤਾ। ਜਲੰਧਰੋਂ ਪਹਾੜ ਵਾਲੀ ਬਾਹੀ ਉੜਮੁੜ ਟਾਂਡੇ ਦੇ ਲਾਗੇ ਦੋਹਾ ਦਲਾਂ ਦਾ ਭੇੜ ਹੋਇਆ । ਮਾਮੂਲੀ ਜਿਹੀ ਝੜਪ ਪਿਛੋਂ ਸਿੰਘਾਂ ਦੀ ਮਾਰ ਨਾ ਝੱਲਦੀ ਹੋਈ ਫੌਜ ਹਾਰ ਖਾ ਕੇ ਭਜ ਉਠੀ। ਬਿਸ਼ੰਭਰ ਨਾਥ ਦੀਵਾਨ ਮਾਰਿਆ ਗਿਆ । ਫੌਜ ਦਾ ਸਾਰਾ ਮਾਲ ਅਸਬਾਬ ਸਿੰਘਾਂ ਦੇ ਹਥ ਆਇਆ । ਸ: ਜੱਸਾ ਸਿੰਘ ਆਹਲੂਵਾਲੀਏ ਨੇ ਆਪਣੇ ਪਹਿਲੇ ਕਾਬੂ ਕੀਤੇ ਇਲਾਕੇ ਵਿਚ ਹੋਰ ਕਈ ਪਿੰਡ ਰਲਾ ਲਏ। ਇਹੋ ਪਿਛੋਂ ਕਪੂਰਥਲਾ ਰਿਆਸਤ ਦੀ ਰੂਪ-ਰੇਖਾ ਬਣੀ। ਨਵਾਬ ਸਆਦਤ ਯਾਰ ਖਾਨ ਏਨਾ ਡਰਿਆ ਕਿ ਜਲੰਧਰੋਂ ਬਾਹਰ ਕਦਮ ਨਾ ਕਢਿਆ। ਸ਼ਹਿਰਾਂ ਅਤੇ ਪਿੰਡਾਂ ਵਿਚ ਮਾਰੇ ਡਰਦਿਆਂ ਲੋਕਾਂ ਘਰ ਬੂਹੇ ਬੰਦ ਕਰ ਲਏ । ਸਿੰਘਾਂ ਵੀ ਜਲੰਧਰ ਦੀਆਂ ਕੰਧਾਂ ਤਕ ਮੱਲਾਂ ਆਣ ਮੱਲੀਆਂ † ਜੂਨ ਤੋਂ ਸਤੰਬਰ ਤਕ (ਚੁਮਾਸੇ) ਸਿੰਘ ਆਪਣੀਆਂ ਮੱਲਾਂ ਨੂੰ ਪੱਕਿਆਂ ਕਰਨ ਅਤੇ ਉਹਨਾਂ ਨੂੰ ਹੋਰ ਵਧਾਉਣ ਵਿਚ ਰੁੱਝੇ ਰਹੇ।

## ਕਾਠਗੜ੍ਹ ਤੇ ਗੜ੍ਹ ਸ਼ੰਕਰ ਦੇ ਰੰਘੜਾਂ ਦੀ ਸੁਧਾਈ–

ਇਸ ਸਾਲ ਵਸਾਖੀ ਦੇ ਮੌਕੇ ਤੇ (ਅਪ੍ਰੈਲ ੧੭੬੩) ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਧੂਮ ਧਾਮ ਹੋਈ ਅਤੇ ਭਾਰਾ ਇਕੱਠ ਹੋਇਆ । ਬੁੱਢਾ ਦਲ ਸਮੇਤ ਆਪਣੇ ਆਗੂ ਸ: ਜੱਸਾ ਸਿੰਘ ਦੇ ਅਨੰਦਪੁਰ ਸਾਹਿਬ ਵਿਚ ਹਾਜ਼ਰ ਸੀ। ਗੁਰਦਵਾਰਾ ਸਾਹਿਬਾਨ ਦੇ ਦਰਸ਼ਨਾਂ ਨੂੰ ਆਈਆਂ ਸੰਗਤਾਂ ਨੇ ਦਸਿਆ ਕਿ ਕਾਠਗੜ੍ਹ ਵਾਲਾ ਗੋਲੇ ਖਾਨ ਅਤੇ ਗੜ੍ਹ ਸ਼ੰਕਰ ਦੇ ਚਾਂਭਲੇ ਹੋਏ ਰੰਘੜ ਆਉਂਦੀਆਂ ਜਾਂਦੀਆਂ ਸੰਗਤਾਂ ਨੂੰ ਰਾਹ ਵਿਚ ਲੁਟ ਪੁਟ ਲੈਂਦੇ ਹਨ ਅਤੇ ਬੜੇ ਹੀ ਕੋਝੇ ਬੋਲ ਕੁਬੋਲ ਬੋਲਦੇ ਹਨ। ਇਹ ਗੱਲ ਹੋਰ ਜ਼ਿਆਦਾ ਹਿਰਦੇ ਵੇਧਕ ਅਤੇ ਦੁਖਦਾਈ ਸੀ ਕਿ ਬੁੱਢਾ ਦਲ ਦੇ ਜੁਝਾਰੂ ਸੂਰਮਿਆਂ ਤੇ ਸ: ਜੱਸਾ ਸਿੰਘ ਵਰਗੇ ਬਲੀਆਂ ਦੇ ਏਥੇ ਹਾਜ਼ਰ ਹੁੰਦਿਆਂ ਹੋਇਆਂ ਗੁਰੂ ਘਰ ਲਈ ਲਿਆਂ-ਦੀਆ ਜਾ ਰਹੀਆਂ ਲੰਗਰ ਦੀਆਂ ਰਸਤਾਂ ਅਤੇ ਦੂਜੀਆਂ ਭੇਟਾਵਾਂ ਅਤੇ ਦਸਵੰਧ ਆਦਿ ਲੁਟ ਲਏ ਜਾਣ ਅਤੇ ਇਸ ਤਰ੍ਹਾਂ ਆਉਂਦੀਆਂ ਜਾਂਦੀਆਂ ਸੰਗਤਾਂ ਨਾਲ ਏਥੋਂ ਦੇ ਰੰਘੜ ਸੀਨਾ-ਜ਼ੋਰੀ ਤੇ ਵਧੀਕੀਆਂ ਕਰਨ।

ਸ: ਜਸਾ ਸਿੰਘ ਆਹਲੂਵਾਲੀਏ ਨੇ ਝਟ ਪਟ ਤਿਆਰੀ ਕੀਤੀ। ਕੁਝ ਪਹਿਰਾਂ ਵਿਚ ਇਹ ਤੂਫ਼ਾਨ ਰੰਘੜਾਂ ਦੇ ਸਿਰ ਉਤੇ ਜਾ ਕੜਕਿਆ। ਦੋਵੇਂ ਪਿੰਡ ਘੇਰ ਕੇ ਸਾਰੀ ਵਸੋਂ ਬਾਹਰ ਕਢ ਲਈ। ਬੱਚੇ ਬੁੱਢੇ ਅਤੇ ਤੀਵੀਆਂ ਇਕ ਪਾਸੇ ਕਰ ਲਏ। ਗੋਲੇ ਖਾਨ ਦਾ ਪਹਿਲਾਂ ਛਿਤਰਾਂ ਨਾਲ ਚੰਗੂ ਸਿਰ ਉਡਿਆ। ਫਿਰ ਗਧੇ ਮਗਰ ਬੰਨ੍ਹ ਕੇ ਕਾਹੀ ਵਾਟ ਤਕ ਘਸੀਟਿਆ। ਪਿਛੋਂ ਮੂੰਹ ਕਾਲਾ ਕਰ ਕੇ ਤੇ ਛਿੱਤਰਾਂ ਦਾ ਹਾਰ ਪਾ ਕੇ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਵਾਲੇ ਰਾਹ ਵਿਚ ਗਲ 'ਚ ਰੱਸਾ ਪਾ ਕੇ ਬੰਨ੍ਹ ਕੇ ਦੋ ਸਿੰਘ ਉਤੇ ਖਲਿਆਰ ਦਿਤੇ ਤਾਕਿ ਹਰ ਲੰਘਣ ਵਾਲਾ ਇਸ ਦੇ ਸਿਰ ਵਿਚ ੫ ਛਿਤਰ ਮਾਰ ਕੇ ਅੱਗੇ ਜਾਵੇ। ਗੋਲੇ ਖਾਨ ਨੂੰ ਕਰਨੀ ਦਾ ਫਲ ਸੁਹਣਾ ਛਕਾਇਆ। ਉਸੇ ਦਿਨ ਸੂਰਜ ਡੁਬਣ ਤੋਂ ਪਹਿਲਾਂ ਉਹ ਜਹੱਨਮ ਨੂੰ ਚਲਿਆ ਗਿਆ। ਅਗਲੀ ਸਵੇਰ ਇਹਦੀ ਲਾਸ਼ ਖੋਤੇ ਮਗਰ ਪਾ ਕੇ ਧੂਹ ਕੇ ਗੜ੍ਹ ਸ਼ੰਕਰ ਲਿਆਂਦੀ ਤੇ ਫਿਰ ਪ੍ਰਆਹੇ ਵਿਚ

† ਬਖਤ ਮੱਲ—ਖਾਲਸਾ ਨਾਮਾ 99;
ਸੋਹਣ ਲਾਲ—ਉਮਦਾਤੁ-ਤਵਾਰੀਖ ਭਾਗ I-ਸਫਾ 160;
ਗਿਆਨੀ ਗਿਆਨ ਸਿੰਘ-ਸ਼ਮਸ਼ੇਰ ਖਾਲਸਾ—107;
ਸ: ਰਤਨ ਸਿੰਘ ਭੰਗੂ-ਪ੍ਰਾਚੀਨ ਪੰਥ ਪ੍ਰਕਾਸ਼ 478-91
ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ਼ ਦੀ ਸਿਖਾਂ—ਭਾਗ ਦੂਜਾ—197-98; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ (ਇੰਗਲਿਸ਼) ਸਫ਼ਾ 290; ਸ: ਜੱਸਾ ਸਿੰਘ ਆਹਲੂਵਾਲੀਆ ਸਫਾ 135; ਪ੍ਰਿੰ: ਸਤਿਬੀਰ ਸਿੰਘ—ਸਾਡਾ ਇਤਿਹਾਸ ਭਾਗ ਦੂਜਾ-ਸਫਾ 176



www.AKJ.Org

ਫੇਰ ਕੇ ਪਹਿਲੀ ਬਾਵੇਂ ਦਰਖ਼ੱਤ ਨਾਲ ਪੁਠੀ ਟੰਗ ਦਿਤੀ ।

ਬਜ਼ੁਰਗਾਂ ਤੋਂ ਰਵਾਇਤ ਚਲਦੀ ਆਈ ਸੁਣੀ ਸੀ ਕਿ ਸਿੰਘਾਂ ਦੇ ਚਲੇ ਜਾਣ ਪਿਛੋਂ ਵੀ ਇਹ ਜਹੱਨਮੀ ਲਾਸ਼ ਕਈ ਦਿਨ ਲਟਕਦੀ ਰਹੀ ਸੀ । ਪਿਛੋਂ ਵਸਾਖ ਵਿਚ ਆਈ ਇਕ ਅਨ੍ਹੇਰੀ ਨਾਲ ਬਲੇ ਡਿਗੀ ਸੀ । ਰੁਲਦੇ ਕੁਰੰਗ ਨੂੰ ਕਿਸੇ ਨਹੀਂ ਦੱਬਿਆ ।

ਦੋਹਾਂ ਪਿੰਡਾਂ ਦੇ ਪਗ-ਬੰਨ੍ਹਾਂ ਵਿਚੋਂ ਦੋਸ਼ੀ ਛਾਂਟੇ ਗਏ । ਉਨ੍ਹਾਂ ਨਾਲ ਜੋ ਬੀਤੀ, ਇਕ ਲੰਮੀ ਦਾਸ-ਤਾਨ ਹੈ । ਦੋਵੇਂ ਪਿੰਡ ਬੁਰੀ ਤਰ੍ਹਾਂ ਲੁਟੇ ਗਏ । ਦਾਣਾ-ਫੱਕਾ ਇਕੱਠਾ ਕਰਵਾ ਕੇ ਇਨ੍ਹਾਂ ਰੰਘੜਾਂ ਦੇ ਸਿਰਾਂ, ਗੱਡਿਆਂ ਅਤੇ ਖੋਤਿਆਂ ਖਚਰਾਂ ਉਤੇ ਲਦਵਾ ਕੇ ਦਰਿਆ ਦੇ ਪਤਣ ਤਕ ਲਿਆਂਦਾ ਗਿਆ । ਬੇੜੀਆਂ ਰਾਹੀਂ ਪਾਰ ਕਰ ਕੈ ਗੁਰੂ ਕੇ ਲੰਗਰਾਂ ਲਈ ਸ੍ਰੀ ਅਨੰਦਪੁਰ ਸਾਹਿਬ ਪੁਚਾਇਆ ਗਿਆ । ਦੋਵੇਂ ਪਿੰਡ ਸ: ਜੱਸਾ ਸਿੰਘ ਨੇ ਆਪਣੇ ਕਬਜ਼ੇ ਵਿਚ ਲੈ ਲਏ । ਸਿੰਘ ਸਰਦਾਰਾਂ ਇਨ੍ਹਾਂ ਸ਼ਰਾਰਤੀ ਪਿੰਡਾਂ ਨੂੰ ਇਹੋ ਜਿਹੀ ਨੱਥ ਪਾਈ ਕਿ ਫਿਰ ਕੋਈ ਬਿਰਕਿਆ ਨਹੀਂ ।‡

ਦੇਸ਼ ਦੀ ੧੯੪੭ ਨੂੰ ਹੋਈ ਵੰਡ ਤਕ ਇਨ੍ਹਾਂ ਰੰਘੜਾਂ ਕਦੇ ਸ੍ਰੀ ਅਨੰਦਪੁਰ ਸਾਹਿਬੋਂ ਆਉਂਦੀ ਜਾਂਦੀ ਸੰਗਤ ਵਲ ਅੱਖ ਚੁਕ ਕੇ ਨਹੀਂ ਸੀ ਵੇਖਿਆ, ਵਧੀਕੀ ਕਰਨੀ ਤਾਂ ਇਕ ਪਾਸੇ ਰਹੀ ।

ਤਰਨਾ ਦਲ ਬਿਆਸੋਂ ਸੱਜੇ ਪਾਸੇ ਰਿਹਾ ਤੇ ਬੁੱਢਾ ਦਲ ਖਬੇ ਪਾਸੇ, ਭਾਵ ਦੁਆਬਾ ਬਿਸਤ ਜਲੰਧਰ ਅਤੇ ਮਾਲਵੇ ਵਲ । ਪੁਰਾਣੀਆਂ ਮੱਲਾਂ ਦੀ ਪਕਿਆਈ ਦੇ ਨਾਲ ਨਾਲ ਨਵੀਆਂ ਮਾਰਾਂ ਮਾਰੀਆਂ ਗਈਆਂ । ਸਰਕਾਰੀ ਠਾਣੇ ਮਾਰ ਕੁਟ ਕੇ ਉਠਾ ਦਿਤੇ ਗਏ । ਜਿਥੇ ਜਿਥੇ ਕਿਤੇ ਕੋਈ ਪੁਰਾਣੀਆਂ ਰੜਕਾਂ ਸਨ, ਭੰਨ ਕੁਟ ਕੇ ਸਾਫ਼ ਕਰ ਛਡੀਆਂ । ਤਰਨੇ ਦਲ ਨੇ ਤਾਂ ਬੜੀ ਦੂਰ ਤਕ ਹੱਥ ਮਾਰੇ । ਏਨੇ ਚਿਰ ਨੂੰ ਦੀਵਾਲੀ ਦਾ ਮੌਕਾ ਆ ਗਿਆ । ਦੋਵੇਂ ਦਲ ਸ੍ਰੀ ਅੰਮ੍ਰਿਤਸਰ ਆਣ ਇਕੱਠੇ ਹੋਏ ।

‡ ਜਸਾ ਸਿੰਘ ਬਿਨੋਦ—108, ਉਰਦੂ 56-57.

## ਜਹਾਨ ਖਾਨ ਦੀਆਂ ਸਿੰਘਾਂ ਵਿਰੁਧ ਮੁਹਿੰਮਾਂ ਅਤੇ ਉਸ ਦੀ ਸਿਆਲਕੋਟ ਵਿਚ ਹਾਰ–

੪ ਨਵੰਬਰ ੧੭੬੩ ਨੂੰ ਦਿਵਾਲੀ ਸੀ । ਸਿੰਘ ਚਾਰ ਚੁਫੇਰਿਉਂ ਇਸ ਮੌਕੇ ਉਤੇ ਸ੍ਰੀ ਅੰਮ੍ਰਿਤਸਰ ਪਹੁੰਚੇ ਹੋਏ ਸਨ । ਸਰੋਵਰ ਦੀ ਕਾਰ ਸੇਵਾ ਕਰ ਕੇ, ਸੰਗਤਾਂ ਦੇ ਇਸ਼ਨਾਨ ਲਈ ਤਿਆਰ ਕਰ ਲਿਆ ਗਿਆ ਸੀ । ਸ੍ਰੀ ਹਰਿਮੰਦਰ ਸਾਹਿਬ ਦੀ ਨਵੇਂ ਸਿਰਿਉਂ ਉਸਾਰੀ ਇਸ ਲਈ ਕੁਝ ਸਮੇਂ ਲਈ ਰੋਕ ਲਈ ਗਈ ਸੀ ਕਿ ਅਹਿਮਦ ਸ਼ਾਹ ਦਾ ਹਮਲਾ ਛੇਤੀ ਹੋਣ ਵਾਲਾ ਹੈ, ਮਤੇ ਇਹ ਪਵਿਤਰ ਸੇਵਾ ਦਾ ਕੰਮ ਵਿਚੇ ਰੁਕ ਜਾਵੇ ।

੫ ਨਵੰਬਰ ੧੭੬੩ ਨੂੰ ਸਰਬੱਤ ਖਾਲਸੇ ਦਾ ਗੁਰਮਤਾ ਹੋਇਆ ਕਿ ਸਰਹੰਦ ਨੂੰ ਹੁਣ ਸੋਧ ਦਿਤਾ ਜਾਵੇ । ਇਸ ਵਿਚ ਹੁਣ ਕੋਈ ਢਿਲ ਨਹੀਂ ਪੈਣੀ ਚਾਹੀਦੀ । ਐਨ ਏਸੇ ਸਮੇਂ ਖਬਰਾਂ ਪੁਜੀਆਂ ਕਿ ਅਹਿਮਦ ਸ਼ਾਹ ਅਬਦਾਲੀ ਦਾ ਵਡਾ ਜਰਨੈਲ ਜਹਾਨ ਖਾਨ ਪੰਜਾਬ ਵਿਚ ਸਿੰਘਾਂ ਨੂੰ ਦਬਾਉਣ ਵਾਸਤੇ ਉਸ ਦਾ ਭੇਜਿਆ ਕਾਬਲੋਂ ਚੜ੍ਹ ਆਇਆ ਹੈ ਅਤੇ ਐਸ ਵੇਲੇ ਅਟਕੋਂ ਪਾਰ ਲੰਘ ਆਇਆ ਹੈ । ਅਟਕੋਂ ਪਾਰ ਲੰਘ ਕੇ ਬਖਸ਼ੀ ਜਹਾਨ ਖਾਨ ਸਿਧਾ ਸਿਆਲਕੋਟ ਵਲ ਨੂੰ ਇਸ ਖਿਆਲ ਨਾਲ ਹੋ ਤੁਰਿਆ ਕਿ ਜੰਮੂ ਦੇ ਰਾਜੇ ਰੰਜੀਤ ਦੇਵ ਦੀ ਇਮਦਾਦ ਹਾਸਲ ਕਰ ਸਕੇ ।

ਏਸ ਵੇਲੇ ਸ: ਚੜ੍ਹਤ ਸਿੰਘ ੩੦ ਕੁ ਮੀਲ ਦਖਣ-ਲਹਿੰਦੇ ਨੂੰ ਗੁਜਰਾਂਵਾਲੇ ਡੇਰੇ ਲਾਈ ਬੈਠਾ ਸੀ । ਉਸ ਨੇ ਆਪਣੀ ਸਹਾਇਤਾ ਲਈ ਸ: ਜੱਸਾ ਸਿੰਘ ਆਹਲੂਵਾਲੀਆ ਅਤੇ ਸ: ਝੰਡਾ ਸਿੰਘ, ਸ: ਗੁੱਜਰ ਸਿੰਘ ਭੰਗੀ ਨੂੰ ਸੱਦ ਘੱਲਿਆ ਸੀ ।

ਸਰਹੰਦ ਦੀ ਸੁਧਾਈ ਤੋਂ ਪਹਿਲਾਂ ਕਾਬਲੋਂ ਚੜ੍ਹ ਕੇ ਆਈ ਇਸ ਬਲਾ ਨਾਲ ਨਿਬੜਨਾ ਵੀ ਜ਼ਰੂਰੀ ਸੀ । ਸਿੰਘ ਅਰਦਾਸ ਕਰ ਕੇ ਸ: ਚੜ੍ਹਤ ਸਿੰਘ ਦੀ ਸਹਾਇਤਾ ਨੂੰ ਚੜ੍ਹ ਤੁਰੇ । ਜਹਾਨ ਖਾਨ


www.AKJ.Org

ਵਜ਼ੀਰਾਬਾਦ ਦੇ ਮਕਾਮ ਤੋਂ ਚਨਾਬ ਲੰਘਿਆ ਹੀ ਸੀ ਜਦੋਂ ਇਨ੍ਹਾਂ ਸਿੰਘਾਂ ਸ: ਚੜ੍ਹਤ ਸਿੰਘ ਨਾਲ ਰਲ ਕੇ ਜਹਾਨ ਖਾਨ ਨੂੰ ਜਾ ਲਲਕਾਰਿਆ। ਬਖਸ਼ੀ ਸਾਹਿਬ ਦੇ ਸੁਪਨੇ ਵਿਚ ਵੀ ਨਹੀਂ ਸੀ ਕਿ ਚਨਾਬ ਟਪਦਿਆਂ ਹੀ ਸਿੰਘ ਇਸ ਕਿਸਮ ਦਾ ਸੁਆਗਤ ਕਰਨਗੇ। ਸਾਰੇ ਲਸ਼ਕਰ ਵਿਚ ਅਜੀਬ ਕਿਸਮ ਦੀ ਅਫਰਾ ਤਫਰੀ ਮੱਚ ਗਈ। ਕਿਸੇ ਨੂੰ ਕਿਸੇ ਦੀ ਸੁਧ ਨਾ ਰਹੀ। ਪਿਛੇ ਦਰਿਆ, ਉਤੋਂ ਤੂਫਾਨ ਨਾਲੋਂ ਤੇਜ਼ ਸਿੰਘਾਂ ਦੇ ਹੱਲੇ। ਲਸ਼ਕਰ ਉਤੇ ਤਾਂ ਮਾਨੋ ਕਿਆਮਤ ਟੁੱਟ ਪਈ।

ਅਫ਼ਗਾਨ ਯੋਧਿਆਂ ਜੀਅ ਕਰਾਰਾ ਕਰ ਕੇ ਇਕ ਵਾਰ ਸੰਭਲਣ ਦੀ ਕੋਸ਼ਿਸ਼ ਕੀਤੀ, ਪਰ ਸਿੰਘਾਂ ਦੇ ਹੱਲੇ ਅਤੇ ਖਾਲਸਈ ਤੇਗ ਦੀ ਝਾਲ ਨਾ ਝੱਲ ਸਕੇ। ਸਮੇਂ ਦੇ ਸਭ ਤੋਂ ਵੱਡੇ ਜੇਤੂ ਦਾ ਵੱਡਾ ਜਰਨੈਲ, ਚਟਾਨ ਵਾਂਗੂ ਡੱਟ ਕੇ ਲੜਨ ਵਾਲਾ ਯੋਧਾ, ਪਾਨੀਪੱਤ ਵਿਚ ਵਧ ਵਧ ਮਲਾਂ ਮਾਰਨ ਵਾਲਾ, ਵਡੇ ਘਲੂਘਾਰੇ ਵਿਚ (ਪਿਛਲੇ ਹੀ ਸਾਲ) ਆਪਣੀ ਵਲੋਂ ਖਾਲਸਾ ਕੌਮ ਦਾ ਸਰਵ ਨਾਸ਼ ਕਰ ਦੇਣ ਦੇ ਦਮਗਜੇ ਮਾਰਨ ਵਾਲਾ, ਸਿੰਘਾਂ ਅੱਗੇ ਇੰਜ ਭਜਾ ਜਿਵੇਂ ਸ਼ਿਕਾਰੀ ਨੂੰ ਵੇਖ ਕੇ ਹਰਨ ਭਜਦੇ। ਇੰਜ ਤਕੜੀ ਹਾਰ ਖਾ ਕੇ ਲਈਦਾ ਦਈਦਾ ਹਿਰਮਾਂ ਸਮੇਤ ਅਤੇ ਜਿੰਨਾ ਕੁ ਨਾਲ ਲਸ਼ਕਰ ਨੱਸ ਸਕਿਆ, ਸਿਆਲਕੋਟ ਦੇ ਕਿਲ੍ਹੇ ਵਿਚ ਆਣ ਵੜਿਆ। ਸਿੰਘ ਵੀ ਉਸੇ ਤਰ੍ਹਾਂ ਮਗਰੇ ਆਏ ਅਤੇ ਸਿਆਲਕੋਟ ਆਣ ਘੇਰਿਆ।‡ ਇਹ ਵਾਕਿਆ ਅੱਧ ਨਵੰਬਰ ੧੭੬੩ ਦਾ ਹੈ।

ਅਫ਼ਗਾਨ ਯੋਧੇ ਅੰਦਰ ਤੇ ਸਿੰਘ ਬਾਹਰ। ਕੁਝ ਕੁ ਨਿਕੀਆਂ ਮੋਟੀਆਂ ਝੱੜਪਾਂ ਹੋਈਆਂ। ਲਾਹੌਰੋਂ ਵੀ ਕੋਈ ਸਹਾਇਤਾ ਨਾ ਆ ਸਕੀ, ਜੰਮੂ ਤੋਂ ਤਾਂ ਕੀ ਆਉਣੀ ਸੀ। ਅੰਤ ਨੂੰ ਇਕ ਦਿਨ ਖਾਨਾਂ ਯੋਧਿਆਂ ਦੀ ਗੈਰਤ ਨੂੰ ਅੱਲਾ ਤੇ ਰਸੂਲ ਦਾ ਵਾਸਤਾ ਦੇ ਕੇ ਵੰਗਾਰ ਕੇ ਉਹਨਾਂ ਨੂੰ ਬਾਹਰ ਕਢਿਆ ਤਾਂਕਿ "ਕਾਫਰਾਂ" ਨੂੰ (ਸਿੰਘਾਂ ਨੂੰ) ਮਾਰ ਮੁਕਾਇਆ ਜਾਵੇ। ਲੜਾਈ ਸ਼ੁਰੂ ਹੋਈ ਸੀ ਤੇ ਜਹਾਨ ਖ਼ਾਨ ਘੋੜੇ ਉਤੇ ਚੜ੍ਹਿਆ ਸਿਪਾਹੀਆਂ ਨੂੰ ਹਲੇ ਲਈ ਲਲਕਾਰ ਰਿਹਾ ਸੀ। ਅਚਨਚੇਤ ਇਕ ਸਿੰਘ ਦੀ ਗੋਲੀ ਵਜੀ ਤੇ ਜਹਾਨ ਖਾਨ ਦਾ ਘੋੜਾ ਡਿਗ ਪਿਆ ਤੇ ਨਾਲ ਹੀ ਜਹਾਨ ਖ਼ਾਨ ਭੁੰਜੇ ਆਣ ਡਿਗਾ। ਇਹ ਵੇਖ ਕੇ ਸਿੰਘਾਂ ਜੋਸ਼ ਨਾਲ ਉਚੀ ਜੈਕਾਰੇ ਗਜਾ ਦਿਤੇ ਕਿ -- "ਮਾਰ ਲਿਆ, ਜਹਾਨਾ ਮਾਰ ਲਿਆ। ਸਤਿ ਸ੍ਰੀ ਅਕਾਲ। ਵਾਹਿਗੁਰੂ ਜੀ ਕੀ ਫ਼ਤਿਹ।" ਇਨ੍ਹਾਂ ਜੈਕਾਰਿਆਂ ਦੀ ਗੂੰਜ ਦੇ ਨਾਲ ਹੀ ਤੇਗਾ ਸੂਤ ਕੇ ਬਿਜਲੀ ਵਾਂਗ ਅਫ਼ਗਾਨੀ ਲਸ਼ਕਰ ਉਤੇ ਟੁੱਟ ਪਏ। ਅਫ਼ਗਾਨੀ ਫੌਜ ਇਸ ਮਾਰ ਦੀ ਤਾਬ ਨਾ ਲਿਆ ਸਕੀ ਤੇ ਮੈਦਾਨ ਛੱਡ ਕੇ ਨੱਠ ਉਠੀ। ਜਹਾਨ ਖ਼ਾਨ ਆਪ ਤਾਂ ਨੱਠ ਕੇ ਰੁਹਤਾਸ ਗੜ੍ਹ ਦੇ ਕਿਲ੍ਹੇ ਵਿਚ ਜਾ ਵੜਿਆ ਅਤੇ ਅਗਲੇ ਹੀ ਦਿਨ ਓਥੋਂ ਪਿਸ਼ਾਵਰ ਵਲ ਨੂੰ ਨੱਸ ਗਿਆ। ਫ਼ੌਜ ਦੀ ਭਾਰੀ ਗਿਣਤੀ ਮੈਦਾਨ ਵਿਚ ਮਾਰੀ ਗਈ। ਲੁਕ ਛਿਪ ਕੇ ਕੁਝ ਕੁ ਵਤਨੀਂ ਅੱਪੜੇ।

ਇਸ ਜਿਤ ਵਿਚ ਜਹਾਨ ਖ਼ਾਨ ਦਾ ਸਾਰਾ ਜੰਗੀ ਸਾਮਾਨ, ਜੋ ਸਿੰਘਾਂ ਦੀ ਸਿਰਕੌਬੀ (ਫ਼ਤਹ ਕਰਨ) ਲਈ ਅਫਗਾਨਿਸਤਾਨ ਤੋਂ ਲੈ ਕੇ ਚੜ੍ਹਿਆ ਸੀ, ਉਸ ਦੇ ਇਕ ਖ਼ਾਸ ਹਾਥੀ ਸਮੇਤ ਅਤੇ ਹੋਰ ਦੂਜੇ ਮਾਲ ਅਸਬਾਬ ਨਾਲ ਸਿੰਘਾਂ ਦੇ ਹੱਥ ਆਇਆ। ਕਈ ਜ਼ਨਾਨੇ ਰਿਸ਼ਤੇਦਾਰ ਅਤੇ ਸਬੰਧੀ ਆਦਿ ਫੜੇ ਗਏ।

ਇਸ ਵੇਲੇ ਜਹਾਨ ਖ਼ਾਨ ਦੀ ਬੇਗਮ ਨੇ ਹੌਸਲਾ ਕਰ ਕੇ ਸ: ਚੜ੍ਹਤ ਸਿੰਘ ਦੇ ਪੇਸ਼ ਹੋਣ ਲਈ ਆਗਿਆ ਮੰਗੀ, ਜੋ ਦੇ ਦਿਤੀ ਗਈ। ਬੇਗਮ ਨੇ ਸ: ਚੜ੍ਹਤ ਸਿੰਘ ਅਗੇ ਅਰਜ਼ ਕੀਤੀ ਕਿ ਇਸ ਵੇਲੇ ਸਾਡਾ ਪਰਦਾ ਅਤੇ ਇਜ਼ਤ ਆਪ ਜੀ ਸਿੰਘ

‡ ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ਼ ਦੀ ਸਿਖਸ ਭਾਗ ਦੂਜਾ—ਸਫ਼ਾ 198.



www.AKJ.Org

ਸਰਦਾਰਾਂ ਦੇ ਅਖਤਿਆਰ ਵਿਚ ਹੈ। ਐਨ ਇਸ ਮੌਕਿਆ ਉਤੇ ਇਕ ਆਦਮੀ ਨੇ ਸ: ਜੱਸਾ ਸਿੰਘ ਜੀ ਨੂੰ ਬੜੇ ਭੇਤ ਭਰੇ ਲਹਿਜੇ ਵਿਚ ਇਸ਼ਾਰਾ ਕਰ ਕੇ ਦਸਿਆ ਕਿ ਜਹਾਨ ਖਾਨ ਦਾ ਤੋਸ਼ਾਖਾਨਾ, ਕਾਫ਼ੀ ਨਕਦੀ ਅਤੇ ਬਹੁਤ ਸਾਰਾ ਜ਼ੇਵਰ, ਜੋ ਹੀਰੇ ਮੋਤੀਆਂ ਨਾਲ ਜੜਿਆ ਹੋਇਆ ਹੈ, ਇਨ੍ਹਾਂ ਜ਼ਨਾਨੀਆਂ ਪਾਸ ਹਨ। ਸਰਦਾਰ ਨੇ ਇਹ ਸਭ ਕੁਝ ਸੁਣ ਕੇ ਬੜੇ ਠਰ੍ਹੰਮੇ ਨਾਲ ਉੱਤਰ ਦਿਤਾ ਕਿ ਜ਼ਨਾਨੀਆਂ ਤੋਂ ਮਾਲ ਖੋਹਣਾ ਖ਼ਾਲਸੇ ਦੀ ਸ਼ਾਨ ਦੇ ਉਲਟ ਹੈ। ਇਨ੍ਹਾਂ ਜ਼ਨਾਨੀਆਂ ਪਾਸ ਭਾਵੇਂ ਕਿੰਨਾ ਵੀ ਕੀਮਤੀ ਸਾਮਾਨ ਹੈ, ਖਾਲਸਾ ਇਸ ਮਾਲ ਨੂੰ ਹਰਗਿਜ਼ ਹੱਥ ਨਹੀਂ ਲਾਵੇਗਾ। ਖਾਲਸਾ ਮਜ਼ਲੂਮਾਂ, ਮਾਸੂਮਾਂ, ਨਿਰਦੋਸ਼ਾਂ, ਨਿਤਾਣਿਆਂ, ਨਿਮਾਣਿਆਂ, ਜ਼ਨਾਨੀਆਂ ਦਾ, ਅਤੇ ਜਿਨ੍ਹਾਂ ਨੇ ਗੁਰੂ ਘਰ ਦੀ ਸ਼ਰਨ ਲਈ ਹੋਵੇ, ਉਹਨਾਂ ਦਾ ਰਾਖਾ ਹੈ। ਫਿਰ ਸ: ਜੱਸਾ ਸਿੰਘ ਨੇ ਬੇਗਮ ਸਾਹਿਬਾ ਨੂੰ ਧੀਰਜ ਦੁਆਉਂਦਿਆਂ ਕਿਹਾ ਕਿ "ਤੁਸੀਂ ਉੱਕਾ ਫ਼ਿਕਰ ਨਾ ਕਰੋ। ਹੌਸਲਾ ਰਖੋ। ਸਾਡਾ ਤੁਹਾਡੇ ਜ਼ਨਾਨੀਆਂ ਨਾਲ ਉੱਕਾ ਵੈਰ ਵਿਰੋਧ ਨਹੀਂ। ਸਾਡੇ ਨਾਲ ਲੜਨ ਲਈ ਜੋ ਸਾਡੇ ਉਤੇ ਚੜ੍ਹ ਕੇ ਆਏ ਸਨ, ਸਾਡੀ ਲੜਾਈ ਸਿਰਫ਼ ਉਨ੍ਹਾਂ ਨਾਲ ਹੈ। ਤੁਹਾਡੀ ਇੱਜ਼ਤ ਪਤ ਅਤੇ ਤੁਹਾਡੇ ਮਾਲ ਦੀ ਪੂਰੀ ਹਿਫ਼ਾਜ਼ਤ ਕੀਤੀ ਜਾਵੇਗੀ। ਤੁਸੀਂ ਭੋਰਾ ਵੀ ਵੀ ਚਿੰਤਾ ਨਾ ਕਰੋ। ਸਾਨੂੰ ਤੁਸੀਂ ਦਸ ਦਿਓ ਕਿ ਤੁਸੀਂ ਕਿਸ ਥਾਂ ਜਾਣਾ ਚਾਹੁੰਦੇ ਹੋ? ਤੁਹਾਨੂੰ ਓਥੇ ਹੀ ਅਮਨ ਅਮਾਨ ਅਤੇ ਖ਼ੈਰ ਖ਼ੈਰੀਅਤ ਨਾਲ ਪੁਚਾ ਦਿਤਾ ਜਾਵੇਗਾ।

ਇਹ ਸੁਣ ਕੇ ਬੇਗਮ ਨੇ ਕਿਹਾ ਕਿ ਉਨ੍ਹਾਂ ਦੀ ਜੰਮੂ ਜਾਣ ਦੀ ਇੱਛਾ ਹੈ। ਸੋ ਸ: ਚੜ੍ਹਤ ਸਿੰਘ ਨੇ ਜਹਾਨ ਖ਼ਾਨ ਦੇ ਪਰਵਾਰ ਨੂੰ ਸਣੇ ਉਨ੍ਹਾਂ ਦੇ ਮਾਲ ਅਸਬਾਬ ਦੇ ਅਤੇ ਉਨ੍ਹਾਂ ਪਾਸ ਮੌਜੂਦ ਆਪਣੀ ਭਾਰ ਬਰਦਾਰੀ ਦੇ, ਆਪਣਾ ਇਕ ਤਕੜਾ ਫ਼ੌਜੀ ਦਸਤਾ ਦੇ ਕੇ ਤੋਰਿਆ, ਜੋ ਉਨ੍ਹਾਂ ਨੂੰ ਸਹੀ ਸਲਾਮਤ ਜੰਮੂ ਛੱਡ ਆਇਆ।‡

ਇਹ ਉਸ ਵੇਲੇ ਦਿਆਂ ਸਿੰਘਾਂ ਦੇ ਕਿਰਦਾਰ ਦੀ ਇਕ ਝਲਕ ਹੈ। ਸਿੰਘਾਂ ਦੇ ਏਡੇ ਉੱਚੇ ਤੇ ਸੁਚੇ ਇਖਲਾਕ ਨੂੰ ਗੈਰ ਸਿਖ ਵੀ ਸਤਿਕਾਰ ਦੀ ਨਿਗਾਹ ਨਾਲ ਵੇਖਦੇ ਸਨ। ਹੋਰਨਾਂ ਵਾਂਗ ਮੁਫ਼ਤੀ ਅਲੀਉਦੀਨ ਵੀ ਲਿਖਦਾ ਹੈ ਕਿ ਸਿੰਘ ਪਰਾਈਆਂ ਜ਼ਨਾਨੀਆਂ ਦਾ ਸਤਿਕਾਰ ਹੀ ਨਹੀਂ ਸਗੋਂ ਉਨ੍ਹਾਂ ਤੋਂ ਬੜਾ ਹੀ ਪਰਹੇਜ਼ ਕਰਦੇ ਸਨ ਅਤੇ ਆਪਣੇ ਆਪ ਨੂੰ ਬੜਾ ਹੀ ਬਚਾ ਕੇ ਰਖਦੇ ਸਨ। ਇਹੋ ਕਾਰਨ ਸੀ ਕਿ ਉਨ੍ਹਾਂ ਜਹਾਨ ਖਾਨ ਦੇ ਟੱਬਰ ਟੋਹਰ ਨੂੰ ਕੁਝ ਨਹੀਂ ਕਿਹਾ ਅਤੇ ਨਾ ਹੀ ਉਨ੍ਹਾਂ ਤੋਂ ਕੁਝ ਖੋਹਿਆ ਹੀ। ਸਗੋਂ ਪੂਰੇ ਸਤਿਕਾਰ ਨਾਲ ਜੰਮੂ ਭੇਜ ਦਿਤਾ। ਇਸ ਤੋਂ ਪਿਛੋਂ ਆਪ ਲਗ ਪਗ ਅੱਧ ਨਵੰਬਰ ਦੇ ਕਰੀਬ ਵਾਪਸ ਮੁੜੇ।

## ਖਾਲਸਾ ਮਾਲਵੇ ਵਲ ਅਤੇ ਮਲੇਰ ਕੋਟਲੇ ਦੀ ਤਬਾਹੀ:— ਦਸੰਬਰ ੧੭੬੩

ਜਹਾਨ ਖਾਨ ਨੂੰ ਕਾਬਲ ਵੱਲ ਭਜਾ ਕੇ ਜਦ

‡ ਸੋਹਨ ਲਾਲ ਉਮਦਾਤੁ-ਤਵਾਰੀਖ ii-II; ਅਹਿਮਦ ਸ਼ਾਹ ਬਟਾਲੀਆ—ਤਾਰੀਖ-ਏ-ਹਿੰਦ 964-65 (400-01); ਜ਼ਿਕਰੇ-ਗੁਰੂਆਂ-ਵ-ਇਬਤਦਾਏ ਸਿੰਘਾਂ-ਵ-ਮਜ਼ਹਬੇ ਏਸ਼ਾਂ (ਇਹ ਉਮਦਾਤੁ-ਤਵਾਰੀਖ ਭਾਗ ਪਹਿਲੇ ਦਾ ਸਪਲੀਮੈਂਟ ਜ਼ਮੀਮਾ ਹੈ) ਸਫ਼ਾ 13-14; ਕਨ੍ਹਈਆ ਲਾਲ—ਤਾਰੀਖ-ਏ-ਪੰਜਾਬ—85; ਜਸਾ ਸਿੰਘ ਬਿਨੋਦ 123, ਉਰਦੂ-77; ਤਾਰੀਖ-ਏ-ਕਪੂਰਥਲਾ—210-211; ਗਨੇਸ਼ ਦਾਸ ਵਡੈਹਰਾ—ਚਾਰ ਬਾਗ ਪੰਜਾਬ—203-4; ਮੁਫਤੀ ਅਲੀਉੱਦੀਨ—ਇਬਰਤ ਨਾਮਾਂ—274-75, 358;
ਮੁਫਤੀ ਅਲੀਉੱਦੀਨ ਲਿਖਦਾ ਹੈ ਕਿ ਜਹਾਨ ਖ਼ਾਨ ਨੂੰ ਜੋ ਹਾਰ ਹੋਈ ਹੈ ਉਸਦਾ ਕਾਰਨ ਲਾਹੌਰ ਦੇ ਸੂਬੇਦਾਰ ਕਾਬਲੀ ਮਲ ਨਾਲ ਵਗਾੜ ਸੀ। ਉਸਦੀ ਰਾਏ ਹੈ ਕਿ ਕਾਬਲੀ ਮਲ ਨੇ ਹੀ ਸਿਖਾਂ ਨੂੰ ਭੜਕਾ ਕੇ ਉਸ ਦੇ ਗਲ ਪੁਆਇਆ ਸੀ। ਜਹਾਨ ਖਾਨ ਦੀ ਹਾਰ ਦੀ ਖ਼ਬਰ ਦਿਲੀ ਵਿਚ 11 ਦਸੰਬਰ 1763 ਨੂੰ ਪੁਜੀ। ਦਿਲੀ ਕ੍ਰਾਨੀਕਲ198.



www.AKJ.Org

ਸਿੰਘ ਵਾਪਸ ਸ੍ਰੀ ਅੰਮ੍ਰਿਤਸਰ ਪਹੁੰਚੇ ਤਾਂ ਨਵੰਬਰ ਦਾ ਅਖ਼ੀਰ ਸੀ। ਇਸ ਦਿਤੀ ਜਿੱਤ ਲਈ ਵਾਹਿਗੁਰੂ ਦਾ ਧੰਨਵਾਦ ਕਰਨ ਵਜੋਂ ਕੁਝ ਦਿਨ ਸ੍ਰੀ ਅੰਮ੍ਰਿਤਸਰ ਰਹਿ ਕੇ ਗੁਰੂ ਘਰ ਦੀ ਸੇਵਾ ਕੀਤੀ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਅਕਾਲ ਪੁਰਖ ਵਾਹਿਗੁਰੂ ਅਗੇ ਅਰਦਾਸ ਕੀਤੀ। ਖ਼ਾਲਸਾ ਦਲ ਅਜੇ ਏਥੇ ਹੀ ਸੀ ਜਦ ਕਿ ਮਾਲਵੇ ਵਲੋਂ ਕੁਝ ਸਿੰਘ ਦਰਸ਼ਨਾਂ ਲਈ ਆਏ। ਉਹਨਾਂ ਦਸਿਆ ਕਿ ਨਵਾਬ ਭੀਖਣ ਖਾਨ ਮਲੇਰ ਕੋਟਲੇ ਵਾਲਾ, ਜਿਸ ਨੇ ਪਿਛਲੇ ਸਾਲ ਘਲੂਘਾਰੇ ਸਮੇਂ ਸਿੰਘਾਂ ਦਾ ਖੁਰਾ ਖੋਜ ਮਿਟਾਉਣ ਲਈ ਬੜਾ ਵੱਡਾ ਹਿਸਾ ਪਾਇਆ ਹੈ, ਉਹ ਹੁਣ ਵੀ ਸਿੰਘਾਂ ਨਾਲ ਬੜੀਆਂ ਵਧੀਕੀਆਂ ਕਰ ਰਿਹਾ ਹੈ। ਸਿੰਘ ਉਸ ਦਾ ਲਿਹਾਜ਼ ਸਿਰਫ਼ ਇਸ ਲਈ ਕਰਦੇ ਆਏ ਸਨ ਕਿ ਉਸ ਦੇ ਵੱਡਿਆਂ 'ਚੋਂ ਸ਼ੇਰ ਮੁਹੰਮਦ ਖਾਨ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤੇ ਜਾਣ ਵੇਲੇ ਹਾਅ ਦਾ ਨਾਅਰਾ ਮਾਰਿਆ ਸੀ। ਪਰ ਉਹ ਇਸ ਲਿਹਾਜ਼ ਨੂੰ ਨਹੀਂ ਸਮਝਿਆ, ਸਗੋਂ ਹਰ ਮੌਕੇ ਉਤੇ ਸਿੰਘਾਂ ਦੀ ਜੜ੍ਹ ਮੇਖ ਪੁਟਣ ਵਿਚ ਮੂਹਰੇ ਮੂਹਰੇ ਰਹਿੰਦਾ ਹੈ। ਉਸ ਦੀਆਂ ਸਜਰੀਆਂ ਵਧੀਕੀਆਂ ਨੇ ਅੱਗ ਤੇ ਤੇਲ ਦਾ ਕੰਮ ਕਰ ਦਿਤਾ। ਸਾਰੇ ਮਾਮਲੇ ਨੂੰ ਹਰ ਪਹਿਲੂ ਤੋਂ ਵਿਚਾਰਿਆ ਗਿਆ। ਗੁਰਮਤਾ ਪਾਸ ਹੋਇਆ ਕਿ ਇਹੋ ਜਿਹੇ ਆਕੜ ਖ਼ਾਨ ਨਾਲ ਸਰਹੰਦ ਦੀ ਸੁਧਾਈ ਤੋਂ ਪਹਿਲਾਂ ਹਿਸਾਬ ਚੁਕਾਇਆ ਜਾਵੇ।†

ਸ: ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਥਲੇ ਦਲ ਖ਼ਾਲਸਾ ਸ਼ੁਰੂ ਦਸੰਬਰ ੧੭੬੩ ਈਸਵੀ ਵਿਚ ਸਤਲੁਜੋਂ ਪਾਰ ਹੋ ਕੇ ਮਲੇਰ ਕੋਟਲੇ ਦੇ ਇਲਾਕੇ ਨੂੰ ਲਤਾੜਦਾ ਹੋਇਆ, ਸ਼ਹਿਰ ਮਲੇਰ ਕੋਟਲਾ ਦੀਆਂ ਕੰਧਾਂ ਥਲੇ ਆਣ ਉਤਰਿਆ। ਚੁਗਿਰਦੇ ਦਾ ਇਲਾਕਾ ਬੁਰੀ ਤਰ੍ਹਾਂ ਲੁਟਿਆ ਗਿਆ। ਨਵਾਬ ਭੀਖਣ ਖਾਨ ਬੜੇ ਜੋਸ਼ ਤੇ ਰੁਹਬ ਨਾਲ ਆਪਣੀ ਪਿਆਦਾ ਤੇ ਘੋੜ-ਸਵਾਰ ਫੌਜ ਲੈ ਕੇ ਸਿੰਘਾਂ ਉਤੇ ਹਮਲਾਵਰ ਹੋਇਆ। ਸਿੰਘਾਂ ਆਉਂਦਿਆਂ ਹੀ ਬੋਚ ਲਿਆ। ਇਕ ਸਿੰਘ ਨੇ ਸਿੱਨ੍ਹ ਕੇ ਛਾਤੀ ਵਿਚ ਗੋਲੀ ਮਾਰੀ ਤੇ ਨਵਾਬ ਘੋੜਿਉਂ ਥੱਲੇ ਆਣ ਡਿੱਗਾ। ਫੌਜ ਨੇ ਨਵਾਬ ਦੇ ਡਿਗਦਿਆਂ ਹੀ, ਸ਼ਹਿਰ ਵਲ ਨੂੰ ਹਟ ਜਾਣ ਦੀ ਕੋਸ਼ਿਸ਼ ਕੀਤੀ, ਪਰ ਰਸਤਾ ਅਗੋਂ ਰੁਕਿਆ ਹੋਇਆ ਦਿਸਿਆ। ਫਿਰ ਜੀਅ ਕਰੜਾ ਕਰ ਕੇ ਸਿੱਖਾਂ ਉਤੇ ਪਏ, ਪਰ ਪਲ ਭਰ ਵਿਚ ਕਤਲਾਂ ਦਿਤੇ ਗਏ। ਸ਼ਹਿਰ ਨੂੰ ਚੰਗੀ ਤਰ੍ਹਾਂ ਲੁਟਿਆ ਗਿਆ। ਜ਼ੈਨਖਾਨ ਤੇ ਅਬਦਾਲੀ ਦਿਆਂ ਅਨੁਸਾਰੀਆਂ ਨੂੰ ਚੁਣ ਚੁਣ ਕੇ ਮਾਰਿਆ ਗਿਆ। ਲੁਟ-ਮਾਰ ਪਿਛੋਂ ਸ਼ਹਿਰ ਸਾੜ ਫੂਕ ਕੇ ਜ਼ਮੀਨ ਨਾਲ ਮਿਲਾ ਦਿਤਾ। ਮਲੇਰ ਕੋਟਲੇ ਦੀ ਲੁਟ ਵਿਚੋਂ ਦਲ ਖ਼ਾਲਸੇ ਨੂੰ ਕਾਫ਼ੀ ਮਾਲ ਅਸਬਾਬ ਹੱਥ ਲੱਗਾ।*

(ਚਲਦਾ)

† ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼—467.

* ਬਖ਼ਤ ਮੱਲ—ਖਾਲਸਾ ਨਾਮਾ 99-100; ਗੱਸ਼ਾ-ਏ-ਪੰਜਾਬ—80, ਮੇਜਰ ਜੇਮਜ਼ ਬ੍ਰਾਊਨ—ਹਿਸਟ੍ਰੀ ਆਫ਼ ਦੀ ਉਰਿਜਿਨ ਐਂਡ ਪ੍ਰਾਗ੍ਰੈਸ ਆਫ਼ ਦੀ ਸਿਖਸ ਇਨ ਇੰਡੀਆ ਟ੍ਰੈਕਟਸ—II ਸਫ਼ਾ 24; ਸੋਹਨ ਲਾਲ ਸੂਰੀ—ਉਮਦਾਤੁ-ਤਵਾਰੀਖ਼ ਭਾਗ i-160-61; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ਼ ਦੀ ਸਿਖਸ—ਭਾਗ II ਸਫ਼ਾ 199; ਸ: ਕਰਮ ਸਿੰਘ ਹਿਸਟੋਰੀਅਨ—ਬਾਬਾ ਆਲਾ ਸਿੰਘ—158 ਨਵਾਂ ਐਡੀਸ਼ਨ; ਡਾ: ਗੋਕਲ ਚੰਦ ਨਾਰੰਗ—ਟ੍ਰਾਂਸਫਾਰਮੇਸ਼ਨ ਆਫ਼ ਦੀ ਸਿਖਇਜ਼ਮ—141; ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ 291; ਸ: ਜਸਾ ਸਿੰਘ ਆਹਲੂਵਾਲੀਆ—135.

ਨੋਟ: ਮਲੇਰ ਕੋਟਲੇ ਉਤੇ ਚੜ੍ਹਾਈ ਵੇਲੇ ਬਾਬੇ ਆਲਾ ਸਿੰਘ ਦੀ ਫ਼ੌਜ ਜੋ ਦਲ ਖਾਲਸੇ ਨਾਲ ਆ ਕੇ ਮਿਲੀ ਸੀ, ਉਸ ਦੀ ਕਮਾਨ ਬਾਬਾ ਜੀ ਦਾ ਪੋਤਰਾ ਸ: ਹਿੰਮਤ ਸਿੰਘ ਕਰ ਰਿਹਾ ਸੀ।

ਤਜ਼ਕਰਾਏ ਖ਼ਾਨਦਾਨੇ ਫੂਲਕੀਆਂ - ਸਫਾ 61

ਨੋਟ: ਇਨਾਇਤ ਅਲੀ ਖਾਨ ਆਪਣੀ ਪੁਸਤਕ "ਪ੍ਰਿੰਸੀਪਲ ਕੋਟਲਾ ਅਫ਼ਗਾਨਜ਼" ਵਿਚ ਲਿਖਦਾ ਹੈ ਕਿ "ਭੀਖਣ ਖਾਨ ਜਦ ਹਾਰ ਖਾ ਕੇ ਮੁੜ ਰਿਹਾ ਸੀ ਅਤੇ ਇਕ ਖੂਹ ਤੋਂ ਪਾਣੀ ਪੀ ਰਿਹਾ ਸੀ, ਤਾਂ ਇਕ ਪੇਂਡੂ ਨੇ ਗੋਲੀ ਮਾਰ ਕੇ ਉਸ ਨੂੰ ਮਾਰ ਦਿਤਾ।"

[ਬਾਕੀ ਸਫ਼ੇ ੨੦ ਦੇ ਹੇਠਾਂ]



www.AKJ.Org

# ਦੇਸ ਫਿਰਿਓ ਕਰ ਭੇਸ ਤਪੋਧਨ

ਦਸਮ ਪਾਤਸ਼ਾਹ ਜੀ ਦੇ ਤ੍ਵਪ੍ਰਸਾਦਿ ਸਵੱਈਆਂ ਦਾ ਅੰਤਲਾ ਸਵੱਈਆ ਇਉਂ ਹੈ—

ਤੀਰਥ ਕੋਟ ਕੀਏ ਇਸਨਾਨ, ਦੀਏ ਬਹੁ ਦਾਨ, ਮਹਾ ਬ੍ਰਤ ਧਾਰੇ ॥
ਦੇਸ ਫਿਰਿਓ ਕਰ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ॥
ਆਸਨ ਕੋਟ ਕਰੇ ਅਸਟਾਂਗ ਧਰੇ, ਬਹੁ ਨਿਆਸ ਕਰੇ ਮੁਖ ਕਾਰੇ ॥
ਦੀਨ ਦਇਆਲ ਅਕਾਲ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ ॥੧੦॥

ਇਸ ਸਵਈਏ ਵਿਚ ਦੂਜੀ ਤੁਕ ਵਿਚ 'ਕੇਸ' ਸ਼ਬਦ ਦੇ ਅਰਥਾਂ ਨੂੰ ਠੀਕ ਨਾ ਸਮਝਣ ਕਰਕੇ ਪਾਠ ਹੀ ਤੋੜ ਮੋੜ ਕੇ ਹੇਠ ਲਿਖੇ ਅਨੁਸਾਰ ਗਲਤ ਕਰ ਲਿਆ ਗਿਆ ਹੈ—

ਦੇਸ ਫਿਰਿਓ ਕਰ ਭੇਸ ਤਪੋ, **ਧਨ ਕੇ ਸਧਰੇ** ਨ ਮਿਲੇ ਹਰਿ ਪਿਆਰੇ ॥

ਇਸ ਤੁਕ ਵਿਚ ਸਹੀ ਪਾਠ "ਕੇਸ ਧਰੇ ਨ ਮਿਲੇ ਹਰਿ ਪਿਆਰੇ" ਹੈ। ਲੋੜ ਸਮਝਣ ਦੀ ਹੈ ਕਿ ਇਥੇ "ਕੇਸ ਧਰੇ" ਤੋਂ ਕੀ ਭਾਵ ਹੈ। ਇਸ ਭਾਵ ਨੂੰ ਸਮਝਣ ਲਈ ਦਸਮ ਗ੍ਰੰਥ ਵਿਚੋਂ ਇਕ ਹੋਰ ਸਵੱਈਆ ਹਾਜ਼ਰ ਹੈ, ਜਿਸ ਦੀ ਪਹਿਲੀ ਤੁਕ ਤੋਂ ਇਸ ਦੇ ਸਹੀ ਅਰਥ ਉਘੜ ਕੇ ਸਾਹਮਣੇ ਆ ਜਾਂਦੇ ਹਨ। ਉਹ ਸਵੱਈਆ ਇਉਂ ਹੈ—

ਕਾ ਭਯੋ ਜੋ ਧਰ ਮੂੰਡ ਜਟਾ ਸੁ, ਤਪੋਧਨ ਕੋ ਜਗ ਭੇਖ ਦਿਖਾਯੋ ॥
ਕਾ ਭਯੋ ਜੋਉ ਕਊ ਲੋਚਨ ਮੂੰਦਿ, ਭਲੀ ਬਿਧਿ ਸੋਂ ਹਰਿ ਗੁਨ ਗਾਯੋ ॥
ਅਉਰ ਕਹਾ ਜਉ ਪੈ ਆਰਤੀ ਲੈ ਕਰ, ਧੂਪਿ ਜਗਾਇ ਕੈ ਸੰਖ ਬਜਾਯੋ ॥
ਸਯਾਮ ਕਹੈ ਤੁਮ ਹੀ ਨ ਕਹੋ, ਬਿਨੁ ਪ੍ਰੇਮ ਕਹੂੰ ਬ੍ਰਿਜਨਾਇਕ ਪਾਯੋ ॥੨੨੩੭॥ [ਕ੍ਰਿਸ਼ਨਾ ਅਵਤਾਰ

ਇਨ੍ਹਾਂ ਸਵੱਈਆਂ ਵਿਚ ਭੇਖਧਾਰੀਆਂ ਦੇ ਪਾਜ ਨੂੰ ਉਘਾੜਿਆ ਹੋਇਆ ਹੈ। ਇਸ ਦੂਜੇ ਸਵੱਈਏ ਦੀ ਪਹਿਲੀ ਤੁਕ ਬੜੀ ਸਪਸ਼ਟ ਹੈ ਕਿ ਕੀ ਹੋ ਗਿਆ ਜੇ ਸਿਰ ਤੇ ਲੰਮੀਆਂ ਲੰਮੀਆਂ ਜਟਾਂ ਰਖ ਲਈਆਂ ਅਤੇ ਜਗਤ ਵਿਚ ਤਪੱਸਵੀਆਂ ਦਾ ਭੇਖ ਦਿਖਾਉਂਦਾ ਫਿਰੇ ? ਭਾਵ ਲੰਮੀਆਂ ਜਟਾਂ ਰਖਣ ਨਾਲ ਅਤੇ ਤਪੱਸਵੀਆਂ ਦਾ ਭੇਖ ਧਾਰਨ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਇਹੋ ਭਾਵ ਉਪਰਲੇ ਸਵੱਈਏ ਦੀ ਉਸ ਤੁਕ ਦੇ ਹਨ ਕਿ—

ਤਪੱਸਵੀਆਂ ਦਾ ਭੇਸ ਕਰ ਕੇ ਦੇਸ ਵਿਚ ਫਿਰਨ ਨਾਲ ਅਤੇ ਕੇਸ ਧਾਰ ਕੇ ਭਾਵ ਲੰਮੀਆ ਜਟਾਂ ਵਧਾ ਕੇ ਪਿਆਰੇ ਹਰਿ ਜੀ ਨਹੀਂ ਮਿਲ ਸਕਦੇ। ਸੋ ਇਥੇ ਨਾਮ ਤੋਂ ਸ਼ੂਨ ਨਿਰੇ ਬਾਹਰਮੁਖੀ ਭੇਖ ਦੀ ਨਿਖੇਧੀ ਹੈ। ਇਸੇ ਤਰ੍ਹਾਂ ਸਿਰ ਦੇ ਵਾਲ ਰਖ ਕੇ ਹੀ ਸਿਖ ਨਹੀਂ ਬਣਿਆ ਜਾਂਦਾ, ਜਦ ਤਕ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਨਾਮ ਦੀ ਗੁੜ੍ਹਤੀ ਲੈ ਕੇ ਤਿਆਰ-ਬਰ-ਤਿਆਰ ਨਹੀਂ ਹੋਇਆ ਜਾਂਦਾ : ਅੰਮ੍ਰਿਤ ਛਕ ਕੇ ਸਿੰਘ ਸਜਣ ਨਾਲ ਹੀ ਕੇਸ ਸੋਭਨੀਕ ਹਨ। ਇਸ ਦੀ ਪ੍ਰੋੜ੍ਹਤਾ ਰਹਿਤਨਾਮੇ ਵਿਚੋਂ ਇਉਂ ਮਿਲਦੀ ਹੈ — ਧਰੇ ਕੇਸ ਪਾਹੁਲ ਬਿਨ, ਮੂਰਖ ਭੇਖੀ ਸਿਖ ॥

---

[ਸਫ਼ਾ ੧੯ ਦੇ ਨੋਟ ਦੀ ਬਾਕੀ]

ਇਸ ਫ਼ਾਜ਼ਲ ਲਿਖਾਰੀ ਦਾ ਇਹ ਬਿਆਨ ਸਚਾਈ ਤੋਂ ਬਹੁਤ ਦੂਰ ਹੈ। ਨਵਾਬ ਭੀਖਨ ਖਾਨ ਤਾਂ ਪਹਿਲੇ ਹਮਲੇ ਵਿਚ ਹੀ ਮਾਰਿਆ ਗਿਆ ਸੀ। ਖਾਲਸਾ ਦਲ ਉਤਰ ਪੱਛਮ ਅਤੇ ਦਖਣ ਵਾਲੇ ਪਾਸਿਓਂ ਸ਼ਹਿਰ ਨੂੰ ਘੇਰੀ ਬੈਠਾ ਸੀ। ਲੜਾਈ ਸ਼ਹਿਰ ਦੇ ਬਿਲਕੁਲ ਲਾਗੇ ਹੋਈ ਸੀ। ਵਾਪਸ ਮੁੜਨ ਦਾ ਸੁਆਲ ਹੀ ਨਹੀਂ ਉਠਦਾ, ਕਿਉਂਕਿ ਨਵਾਬ ਨੂੰ ਹਮਲਾ ਕਰਦਿਆਂ ਗੋਲੀ ਲਗੀ ਹੈ। ਪਿਛੋਂ ਗੋਲੀ ਮਾਰਨੀ, ਉਹ ਵੀ ਨਵਾਬ ਦਾ ਇਕ ਖੂਹ ਉਤੇ ਪਾਣੀ ਪੀਂਦਿਆਂ ਦਸਣਾ ਲਿਖਾਰੀ ਦਾ ਸਚਾਈ ਦਸਣ ਦੀ ਥਾਂ ਕੋਈ ਹੋਰ ਮਨੋਰਥ ਹੋ ਸਕਦੇ। ਪਾਣੀ ਪੀਂਦੇ ਨੂੰ ਗੋਲੀ ਮਾਰੀ ਦਸ ਕੇ ਸ਼ਾਇਦ ਲਿਖਾਰੀ ਨਵਾਬ ਦੀ ਹਾਰ ਦੀ ਤਲਖ਼ੀ ਘਟਾਉਣਾ ਚਾਹੁੰਦਾ ਹੋਵੇ ਜਾਂ ਨਵਾਬ ਨੂੰ ਮਾਸੂਮ ਸ਼ਹੀਦ ਬਣਾਉਣਾ ਚਾਹੁੰਦਾ ਹੋਵੇ। ਉਸ ਦਾ ਇਹ ਕਹਿਣਾ ਨਿਰੋਲ ਮਨੋ-ਕਲਪਤ ਹੈ ਅਤੇ ਸੱਚ ਤੋਂ ਦੂਰ।

ਸਵਰਨ ਸਿੰਘ]

www.AKJ.Org

# ਗੁਰਬਾਣੀ ਵਿਚ ਯਯੇ ਅਖਰ ਦੀ ਬਹੁ-ਭਾਂਤੀ ਵਰਤੋਂ

## ਉਚਾਰਣ ਨਿਰਣੈ

[ਇਹ ਖੋਜ ਭਾਈ ਸਾਹਿਬ ਦਰਸ਼ਨ ਸਿੰਘ ਜੀ ਗੜਗੱਜ ਨੇ ਬੜੀ ਮਿਹਨਤ ਨਾਲ ਕੀਤੀ ਅਤੇ ਇਸ ਦੇ ਨੋਟ ਲਿਖਵਾ ਕੇ ਹੁਕਮ ਕੀਤਾ ਕਿ ਇਸ ਨੂੰ ਨਿਯਮ-ਬਧ ਕਰ ਕੇ 'ਸੂਰਾ' ਦੇ ਪਾਠਕਾਂ ਦੀ ਦ੍ਰਿਸ਼ਟੀ-ਗੋਚਰ ਕੀਤਾ ਜਾਏ। ਸੋ ਦਾਸ ਇਹ ਸੇਵਾ ਕਰਦਾ ਹੋਇਆ ਆਪਣੇ ਧੰਨ ਭਾਗ ਸਮਝਦਾ ਹੈ।

ਗੁਰਬਾਣੀ ਦਾ ਹਰੇਕ ਪੱਖ ਅਗਾਧ ਹੈ। ਪਰ ਇਸ ਦਾ ਗਿਆਨ ਪ੍ਰੇਮੀ ਗੁਰਸਿਖਾਂ ਦੇ ਅੰਦਰ ਉਤਰਦਾ ਹੈ। ਗੁਰਬਾਣੀ ਦੀ ਲਿਖਣ-ਨਿਯਮਾਵਲੀ ਅਤੇ ਗੁਰਬਾਣੀ ਦੇ ਸ਼ੁਧ ਉਚਾਰਣ ਬਾਰੇ ਗਿਆਨ ਗੁਰਬਾਣੀ ਦੇ ਨਿਰੰਤਰ ਅਭਿਆਸ ਦੁਆਰਾ ਜਾਂ ਨਿਰੰਤਰ ਅਭਿਆਸੀ ਗੁਰਮੁਖਾਂ ਪਾਸੋਂ ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿਚ 'ਯ' ਅਖਰ ਦੀ ਬਹੁ-ਭਾਂਤੀ ਵਰਤੋਂ ਕੀਤੀ ਮਿਲਦੀ ਹੈ। ਇਸ ਲੇਖ ਵਿਚ ਯਯੇ ਅਖਰ ਦੇ ਉਚਾਰਣ ਦਾ ਨਿਰਣਾ ਕਰਨ ਲਈ ਗੁਰਬਾਣੀ ਤੋਂ ਹੀ ਅਗਵਾਈ ਲਈ ਗਈ ਹੈ।

ਪਾਠਕਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਇਸ ਖੋਜ-ਪਤਰ ਨੂੰ ਵਿਚਾਰ ਕੇ ਆਪਣੇ ਸੁਝਾਅ, ਜੋ ਵੀ ਹੋਣ, ਜ਼ਰੂਰ ਭੇਜਣ ਦੀ ਕਿਰਪਾਲਤਾ ਕਰਨ]

ਦਾਸ ਜੋਗਿੰਦਰ ਸਿੰਘ ਤਲਵਾੜਾ

*ਜਾਣ-ਪਛਾਣ (ੳ) ਵਿਅੰਜਨ 'ਯ'* – ਯ ਅਖਰ ਗੁਰਮੁਖੀ ਬੋਲੀ ਦੀ ਅੰਤਮ-ਟੋਲੀ ਦਾ ਪਹਿਲਾ ਅਖਰ ਹੈ। ਇਹ ਅਖਰ ਵਿਅੰਜਨ ਹੈ ਪਰ ਗੁਰਬਾਣੀ ਅਤੇ ਪੁਰਾਣੀ ਪੰਜਾਬੀ ਵਿਚ ਇਸ ਦੀ ਸੁਰ ਤੇ ਤੌਰ ਤੇ ਵਰਤੋਂ ਵੀ ਕਾਫ਼ੀ ਮਿਲਦੀ ਹੈ। ਸੰਸਕ੍ਰਿਤ ਭਾਸ਼ਾ ਵਿਚ ਵਿਅੰਜਨ 'ਯ' ਦੀ ਵਰਤੋਂ ਬਹੁਤ ਮਿਲਦੀ ਹੈ, ਪਰ ਪੰਜਾਬੀ ਬੋਲੀ ਵਿਚ ਬਹੁਤ ਕਰਕੇ ਇਹ ਵਿਅੰਜਨ 'ਯ' ਬਦਲ ਕੇ 'ਜ' ਹੋ ਜਾਂਦਾ ਹੈ, ਜਿਵੇਂ :–

| ਸੰਸਕ੍ਰਿਤ ਸ਼ਬਦ | ਪੰਜਾਬੀ ਰੂਪ | ਸੰਸਕ੍ਰਿਤ ਸ਼ਬਦ | ਪੰਜਾਬੀ ਰੂਪ |
|---|---|---|---|
| ਸੂਰਯ | ਸੂਰਜ | ਯਾਚਕ | ਜਾਚਕ |
| ਕਾਰਯ | ਕਾਰਜ | ਯੁਕਤਿ | ਜੁਗਤਿ |
| ਯਸ | ਜਸ | ਯੁਧ | ਜੁਧ |
| ਯਤਨ | ਜਤਨ | ਵਿਯੋਗ | ਵਿਜੋਗ |
| ਯਮ | ਜਮ | ਅੰਤਰਯਾਮੀ | ਅੰਤਰਜਾਮੀ |

ਪਰ ਵਿਅੰਜਨ 'ਯ' ਦੀ ਸੰਕੋਚਵੀਂ ਵਰਤੋਂ ਪੰਜਾਬੀ ਬੋਲੀ ਵਿਚ ਵੀ ਕਿਧਰੇ ਕਿਧਰੇ ਮਿਲਦੀ ਹੈ। ਬਹੁਤ ਕਰਕੇ ਵਿਅੰਜਨ 'ਯ' ਦੀ ਵਰਤੋਂ ਉਰਦੂ ਬੋਲੀ ਦੀ "ਛੋਟੀ ਯੇ" ਦੀ ਅਵਾਜ਼ ਨੂੰ ਪ੍ਰਗਟਾਉਂਦੀ ਹੈ। ਜਦੋਂ ਇਹ, ਸ਼ਬਦ ਦੇ ਅਰੰਭ ਵਿਚ ਆਉਂਦਾ ਹੈ ਤਾਂ ਇਸ ਦਾ ਉਚਾਰਣ ਆਪਣੀ ਨਿਸਚਤ ਅਵਾਜ਼



www.AKJ.Org

ਵਿਚ ਹੁੰਦਾ ਹੈ, ਜਿਵੇਂ :—

"ਯਾ" ਜੁਗ ਮਹਿ ਏਕਹਿ ਕਉ ਆਇਆ ॥ (੨੫੧)
"**ਯਕ**" ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥ (੭੨੧)
"**ਯਜਾ**" ਜਤਨ ਕਰਤ ਬਹੁ ਬਿਧੀਆ ॥ (੨੫੯)
ਕਾਇਆ ਕਿਰਦਾਰ ਅਉਰਤ "**ਯਕੀਨਾ**" ॥ (੧੦੮੪)
"**ਯਾਨੜੀਏ**" ਕੈ ਘਰਿ (੮੦੨)
"**ਯਾਰ**" ਮੀਤ ਸੁਨਿ ਸਾਜਨਹੁ ਬਿਨੁ ਹਰਿ ਛੂਟਨੁ ਨਾਹਿ ॥ (੨੫੯)
"**ਯਾਸੁ**" ਜਪਤ ਮਨਿ ਹੋਇ ਅਨੰਦੁ ਬਿਨਸੈ ਦੂਜਾ ਭਾਉ ॥ (੨੫੨)
ਖਾਣਾ ਪੀਣਾ ਹਸਣਾ ਬਾਦਿ ॥ ਜਬ ਲਗੁ ਰਿਦੈ ਨ ਆਵਹਿ "**ਯਾਦਿ**" ॥ (੩੫੧)
ਪਰ ਧਨ ਪਰ ਅਪਵਾਦ ਨਾਰਿ ਨਿੰਦਾ "**ਯਹ**" ਮੀਠੀ ਜੀਅ ਮਾਹਿ ਹਿਤਾਨੀ ॥ (੧੩੮੭)
ਜਗ ਅਉਰੁ ਨ "**ਯਾਹਿ**" ਮਹਾ ਤਮ ਮਹਿ ਅਵਤਾਰ ਉਜਾਗਰੁ ਆਨਿ ਕੀਅਉ॥ (੧੪੦੯)
ਤਤੁ ਬੀਚਾਰੁ "**ਯਹੈ**" ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥ (੧੪੦੯)

ਵਿਅੰਜਨ 'ਯ' ਅੱਖਰ ਸਦਾ ਆਪਣੇ ਪੂਰੇ ਰੂਪ ਵਿਚ ਹੀ ਆਉਂਦਾ ਹੈ ।

**(ਅ) ਸੂਰ 'ਯ'**--ਸੂਰ ਦੇ ਤੌਰ ਤੇ 'ਯ' ਅਖਰ ਦੀ ਵਰਤੋਂ ਗੁਰਬਾਣੀ ਅੰਦਰ ਤਿੰਨ ਰੂਪਾਂ ਵਿਚ ਵਿਚ ਮਿਲਦੀ ਹੈ—

੧. ਯ (ਪੂਰਾ ਅਖਰ), ੨. ਜ (ਅਧਾ ਜਾਂ ਸੰਖੇਪ ਅਖਰ), ੩. ੍ (ਪੈਰ-ਚਿੰਨ੍ਹ) ।

**ਬੀੜਾਂ ਦੀ ਪ੍ਰਕਾਸ਼ਨਾ ਸਬੰਧੀ ਨੋਟ—**

ਗੁਰਬਾਣੀ ਦੀ ਲਿਖਤ ਵਿਚ ਉਪਰ ਲਿਖੇ ਤਿੰਨਾਂ ਰੂਪਾਂ ਦੀ ਵਰਤੋਂ ਹੋਈ ਮਿਲਦੀ ਹੈ । ਪਹਿਲੇ ਦੋ ਰੂਪ ਤਾਂ ਸਪੱਸ਼ਟ ਹਨ । ਪਰ ਤੀਜੇ ਰੂਪ ਭਾਵ ਪੈਰ-ਚਿੰਨ੍ਹ ਦੀ ਵਰਤੋਂ ਛਾਪੇ ਦੀਆਂ ਬੀੜਾਂ ਵਿਚ ਠੀਕ ਹੋਈ ਨਹੀਂ ਮਿਲਦੀ ।

ਗੁਰਬਾਣੀ ਵਿਚ ਹਾਹਾ (ਹ) ਅਖਰ ਵੀ ਪੈਰ-ਚਿੰਨ੍ਹ ਦੇ ਰੂਪ ਵਿਚ ਵਰਤਿਆ ਮਿਲਦਾ ਹੈ । ਪੁਰਾਤਨ ਹੱਥ-ਲਿਖਤੀ ਬੀੜਾਂ ਵਿਚ ਇਹਨਾਂ ਦੋਹਾਂ ਪੈਰ-ਚਿੰਨ੍ਹਾਂ ਦੇ ਵਖ ਵਖ ਰੂਪ ਮਿਲਦੇ ਹਨ, ਜੋ ਇਸ ਪ੍ਰਕਾਰ ਹਨ :—

ਪੈਰ-ਚਿੰਨ੍ਹ 'ਹ' = ੍ਹ ਅਤੇ ਪੈਰ-ਚਿੰਨ੍ਹ ਯ = ੍ਯ

ਪਰ ਬੀੜਾਂ ਦੀ ਛਪਾਈ ਵਿਚ ਵਪਾਰੀ-ਪਰਕਾਸ਼ਕਾਂ ਨੇ ਕੁਝ ਆਪਣੇ ਅਨਜਾਣਪੁਣੇ ਵਿਚ ਅਤੇ ਕੁਝ ਅਣਗਹਿਲੀ ਕਰਕੇ ਇਹਨਾਂ ਦੋਹਾਂ ਪੈਰ-ਚਿੰਨ੍ਹਾਂ ਨੂੰ ਰਲ-ਗੱਡ ਕਰ ਦਿਤਾ ਹੋਇਆ ਹੈ । ਜੋ ਬੀੜਾਂ ਇਸ ਵੇਲੇ ਛਪ ਰਹੀਆਂ ਹਨ ਉਹਨਾ ਵਿਚ ਕਈ ਥਾਵੇਂ ਇਹਨਾਂ ਦੋਹਾਂ ਪੈਰ-ਚਿੰਨ੍ਹਾਂ ਲਈ ਇਕ ਬਿੰਦੂ ( ) ਜਹੇ ਦੀ ਵਰਤੋਂ ਕੀਤੀ ਜਾ ਰਹੀ ਹੈ, ਜਿਸ ਦੇ ਫਲ-ਸਰੂਪ ਉਹਨਾਂ ਸ਼ਬਦਾਂ, ਜਿਨ੍ਹਾਂ ਵਿਚ ਇਸ ਬਿੰਦੂ ( ) ਦੀ ਵਰਤੋਂ ਕੀਤੀ ਗਈ ਹੈ, ਦੇ ਸੁਧ ਉਚਾਰਣ ਦਾ ਨਿਰਣਾ ਕਰਨ ਵਿਚ ਹੋਰ ਕਠਨਾਈ ਹੋ ਗਈ ਹੈ ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਇਧਰ ਤੁਰਤ ਧਿਆਨ ਦੇ ਕੇ ਸੁਧਾਰ ਕਰਨਾ ਬਣਦਾ ਹੈ ।



www.AKJ.Org

ਜਦੋਂ 'ਯ' ਅਖਰ ਸੂਰ ਦੇ ਤੌਰ ਤੇ ਵਰਤਿਆ ਜਾਂਦਾ ਹੈ ਤਾਂ ਇਸ ਦੀ ਅਵਾਜ਼ ਆਪਣੀ ਨਿਸਚਿਤ ਅਵਾਜ਼ ਤੋਂ ਹੋਰਵੀਂ ਹੁੰਦੀ ਹੈ। 'ਯ' ਅਖਰ ਦੀਆਂ ਸੂਰੀ-ਆਵਾਜ਼ਾਂ (Vowel Sounds) ਨੂੰ ਪ੍ਰਗਟਾਉਣ ਲਈ ਪੰਜਾਬੀ ਬੋਲੀ ਦੇ ਸੂਰੀ-ਅਖਰਾਂ (ੳ, ਅ, ੲ) ਅਤੇ ਲਗਾਂ ਦੀ ਸਹਾਇਤਾ ਲੈਣੀ ਅਵੱਸ਼ਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਟਾਂ ਦੇ ਸਵੱਈਆਂ ਤੇ ਸਹਸਕ੍ਰਿਤੀ ਸਲੋਕਾਂ ਵਿਚ ਖ਼ਾਸ ਕਰਕੇ, ਅਤੇ ਬਾਕੀ ਗੁਰਬਾਣੀ ਵਿਚ ਕਈ ਥਾਈਂ 'ਯ' ਅਖਰ ਸੂਰ ਦੇ ਤੌਰ ਤੇ ਵਰਤਿਆ ਹੋਇਆ ਹੈ। ਜਿਹਾ ਕਿ--

ਧੰਨਿ ਧੰਨਿ ਤੇ ਧੰਨਿ ਜਨ ਜਿਹ ਕ੍ਰਿਪਾਲੁ ਹਰਿ ਹਰਿ "ਭਯਉ" ॥ (੧੩੮੬)
ਜਿਹ ਠਾਕੁਰੁ ਸੁਪ੍ਰਸੰਨੁ "ਭਯੋ" ਸਤਸੰਗਤਿ ਤਿਹ ਪਿਆਰੁ ॥ (੧੩੮੬)
ਜਿਹ ਕਾਟੀ ਸਿਲਕ "ਦਯਾਲ" ਪ੍ਰਭਿ ਸੇਇ ਜਨ ਲਗੇ ਭਗਤੇ ॥ (੧੩੮੬)
ਗੁਣ ਗਾਵਹਿ "ਪਾਯਾਲਿ" ਭਗਤ ਨਾਗਾਦਿ "ਭੁਯੰਗਮ" ॥ (੧੩੯੦)
ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ "ਚਾਯ" ਮੁਖਿ ਮਿਸਟ ਬਾਣੀ॥(੧੩੯੩)
ਜੀਹ ਤ ਪਰ "ਸਕਯਥ" ਜੀਅ ਗੁਰ ਅਮਰੁ ਭਣਿਜੈ ॥ (੧੩੯੪)
ਗੁਣ ਗਾਵੈ ਮੁਨਿ "ਬ੍ਯਾਸੁ" ਜਿਨਿ ਬੇਦ "ਬ੍ਯਾਕਰਣ" ਬੀਚਾਰਿਅ ॥ (੧੩੯੦)
ਭਲਉ ਪ੍ਰਸਿਧੁ ਤੇਜੋ ਤਨੌ "ਕਲ੍ਯ" ਜੋੜਿ ਕਰ "ਧ੍ਯਾਇਅਉ" ॥
"ਅਵਲੋਕ੍ਯਾ" ਬ੍ਰਹਮੁ ਭਰਮੁ ਸਭੁ "ਛੁਟਕ੍ਯਾ" "ਦਿਬ੍ਯ" ਦ੍ਰਿਸ੍ਟਿ ਕਾਰਣ ਕਰਣੰ ॥ (੧੪੦੨)
ਤਾ ਤੇ ਅੰਗਦੁ "ਭਯਉ" ਤਤ ਸਿਉ ਤਤੁ "ਮਿਲਾਯਉ" ॥ (੧੪੦੮)

ਸੂਰ 'ਯ' ਦਾ ਵਖ ਵਖ ਲਗਾਂ ਲਗਣ ਨਾਲ ਜੋ ਉਚਾਰਣ ਬਣਦਾ ਹੈ ਉਸ ਦਾ ਵੇਰਵਾ ਹੇਠ ਦਿਤਾ ਜਾਂਦਾ ਹੈ।

ਯਯੇ ਅਖਰ ਨੂੰ ਲਗੀਆਂ ਵਖ ਵਖ ਲਗਾਂ ਵਾਲੇ ਸ਼ਬਦਾਂ ਨੂੰ ਪੰਜਾਬੀ ਦੀ ਮੁਹਾਰਨੀ (ਯ, ਯਾ, ਯਿ, ਯੀ, ਯੁ, ਯੂ, ਯੇ, ਯੈ, ਯੋ, ਯੌ, ਯੰ) ਦੀ ਤਰਤੀਬ ਅਨੁਸਾਰ ਸਬੰਧਤ ਪੰਨਿਆਂ ਤੇ ਅੰਕਾਂ ਦਾ ਵੇਰਵਾ ਦੇ ਕੇ ਦਰਜ ਕੀਤਾ ਗਿਆ ਹੈ। ਉਹਨਾਂ ਦੇ ਸੂਰੀ ਰੂਪ ਵੀ ਪੰਨਿਆਂ ਤੇ ਅੰਕਾਂ ਦੇ ਹਵਾਲੇ ਸਮੇਤ ਸਾਹਮਣੇ ਦਿਤੇ ਗਏ ਹਨ। ਜਿਨ੍ਹਾਂ ਸ਼ਬਦਾਂ ਤੋਂ ਉਨ੍ਹਾਂ ਦੇ ਸੂਰੀ ਰੂਪਾਂ ਦੀ ਸੇਧ ਲਈ ਗਈ ਹੈ ਉਨ੍ਹਾਂ ਦੀਆਂ ਟੂਕ ਮਾਤਰ ਉਦਾਹਰਣਾਂ ਨਾਲ ਨਾਲ ਦਿਤੀਆਂ ਗਈਆਂ ਹਨ।

**ਸੂਰ 'ਯ' ਨੂੰ ਲਗ ਲਗਣ ਨਾਲ ਬਣੀ ਅਵਾਜ਼ ਦਾ ਪੰਜਾਬੀ ਬੋਲੀ ਦੇ ਸੂਰੀ ਅਖਰਾਂ (ੳ, ਅ, ੲ) ਅਤੇ ਲਗਾਂ ਰਾਹੀਂ ਪ੍ਰਗਟਾਅ :–**

## ਸੂਰ 'ਯ ਮੁਕਤਾ'–

ਯ = ਅ (ਪੂਰਾ ਯਯਾ)

| | | | | | |
|---|---|---|---|---|---|
| ਪੰਨਾ ੧੪੦੮ | ਅੰਕ ੮ | ਸਮਾਇਯਉ = ਸਮਾਇਅਉ | ਪੰਨਾ ੧੪੦੭ | ਅੰਕ | ੫ |
| | | = ਸਮਾਇਓ | ੨੦੯ | | ੧੩੩ |
| ੧੩੯੫ | ੨॥੧੬ | ਕਰਿਯਉ = ਕਰਿਅਉ = ਕਰਿਓ | ੧੧੦੫ | | ੧ |



www.AKJ.Org

| | | | | | | |
|---|---|---|---|---|---|---|
| ਪੰਨਾ | ੧੪੦੦ | ਅੰਕ | ੭॥੧੧ | ਕੀਯਉ = ਕੀਅਉ | ੧੩੯੫ | ੧॥੧੯ |
| | | | | = ਕੀਓ | ੯੯੭ | ੫ |
| | ੧੪੦੫ | | ੪ | ਗਾਇਯਉ = ਗਾਇਅਉ = ਗਾਇਓ | ੨੯੯ | ੧੪ |
| | ੧੪੦੫ | | ੩ | ਛਾਇਯਉ = ਛਾਇਅਉ = ਛਾਇਓ | ੧੨੧੭ | ੬੬ |
| | ੧੪੦੫ | | ੧ | ਧ੍ਹਾਇਯਓ = ਧਿਆਇਅਉ = ਧਿਆਇਓ | ੨੩੯ | ੮ |
| | ੧੩੯੫ | | ੨॥੧੬ | ਪਰਵਰਿਯਉ = ਪਰਵਰਿਅਉ = ਪਰਵਰਿਓ | – | – |
| | ੧੪੦੫ | | ੩ | ਪਾਇਯਉ = ਪਾਇਅਉ = ਪਾਇਓ | ੪੯੬ | ੫॥੬ |

ਯ = ਅ (ਪੈਰ-ਚਿੰਨ੍ਹ ਰੂਪ ਯਯਾ)–

| | | | | | | | | |
|---|---|---|---|---|---|---|---|---|
| ਪੰਨਾ | ੧੩੫੮ | ਅੰਕ | ੪੮ | ਅਖਾਦਿ = ਅਖਾਦਿਅ | ਪੰਨਾ | – | ਅੰਕ | – |
| | ੭੦੧ | | ੧॥੫ | ਆਗਿ = ਆਗਿਅ | | – | | – |
| | ੧੩੯੫ | | ੩॥੧੭ | ਅਵਤਰ੍ਹਿਉ = ਅਵਤਰਿਅਉ = ਅਵਤਰਿਓ | | ੧੩੯੫ | | ੨॥੧੬ |
| | ੧੩੮੬ | | ੭ | ਸਿਰਜ੍ਹਿਉ = ਸਿਰਜਿਅਉ = ਸਿਰਜਿਓ | | – | | – |
| | ੧੪੦੦ | | ੭॥੧੧ | ਡਰ੍ਹਿਉ = ਡਰਿਅਉ = ਡਰਿਓ | | ੧੧੦੫ | | ੨ |
| | ੧੪੦੧ | | ੧ | ਥਪ੍ਹਿਉ = ਥਪਿਅਉ | | ੧੪੦੬ | | ੨॥੬ |
| | | | | = ਥਪਿਓ | | ੧੩੯੨ | | ੧ |
| | ੧੩੯੯ | | ੧॥੫ | ਧਾਰ੍ਹਿਉ = ਧਾਰਿਅਉ | | ੧੩੯੪ | | ੧੨ |
| | | | | = ਧਾਰਿਓ | | ੨੧੪ | | ੨ |
| | ੧੩੫੪ | | ੯ | ਨਖ੍ਹਿਤ੍ਰ = ਨਖਿਅਤ੍ਰ | | ੪੫੬ | | ੩ |
| | ੧੩੯੪ | | ੮ | ਪਰਸ੍ਹਿਉ = ਪਰਸਿਅਉ | | ੧੩੮੬ | | ੫ |
| | | | | = ਪਰਸਿਓ | | ੧੩੮੬ | | ੬ |
| | ੧੩੮੭ | | ੯ | ਪਰ੍ਹਿਉ = ਪਰਿਅਉ | | ੭੧੨ | | ੨॥੪ |
| | | | | = ਪਰਿਓ | | ੭੧੨ | | ੧॥੩ |
| | ੧੪੦੬ | | ੧ | ਪਛਾੜ੍ਹਿਉ = ਪਛਾੜਿਅਉ = ਪਛਾੜਿਓ | | – | | – |
| | ੧੩੫੩ | | ੪ | ਬਾਸੁਦੇਵਸ੍ਹਿ = ਬਾਸੁਦੇਵਸਿਅ | | – | | – |
| | ੧੩੫੫ | | ੧੩ | ਬਿਖਸੀਧ੍ਹਿ = ਬਿਖਸੀਧਿਅ | | – | | – |
| | ੧੩੯੫ | | ੧॥੯ | ਮਿਲ੍ਹਿਉ = ਮਿਲਿਅਉ | | ੨੫੧ | | ੫ |
| | | | | = ਮਿਲਿਓ | | ੭੫ | | ੪ |
| | ੧੩੯੯ | | ੪ | ਮਾਨ੍ਹਿਉ = ਮਾਨਿਅਉ | | ੧੪੦੭ | | ੨ |
| | | | | = ਮਾਨਿਓ | | ੨੧੯ | | ੨ |
| | ੧੩੫੪ | | ੧੦ | ਲਖ੍ਹਿਣ = ਲਖਿਅਣ | | – | | – |



www.AKJ.Org

ਯ = ਿ + ਅ

| ਪੰਨਾ | ਅੰਕ | | ਪੰਨਾ | ਅੰਕ |
|---|---|---|---|---|
| ੨੭੩ | ੭ | ਅਧਾਖੵਰੁ = ਅਧਾਖਿਅਰੁ | | |
| ੧੪੦੧ | ੧ | ਅਪੵਉ = ਅਪਿਅਉ = ਅਪਿਓ | ੧੫੪ | ੧੧ |
| ੧੩੫੭ | ੪੩ | ਆਲਯਹ = ਆਲਿਅਹ | | |
| ੧੩੬੦ | ੬੭ | ਸੰਸਯਹ = ਸੰਸਿਅਹ | | |
| ੧੪੦੯ | ੯ | ਸਹਾਰੵਉ = ਸਹਾਰਿਅਉ = ਸਹਾਰਿਓ | | |
| ੧੪੦੯ | ੧ | ਸੰਚਰੵਉ = ਸੰਚਰਿਅਉ = ਸੰਚਰਿਓ | | |
| ੧੩੫੫ | ੧੭ | ਸਿਧੵਤੇ = ਸਿਧਿਅਤੇ | | |
| ੨੬੨ | ੧ | ਸੁਧਾਖੵਰ = ਸੁਧਾਖਿਅਰ | | |
| ੧੪੦੦ | ੭॥੧ | ਹਰੵਉ = ਹਰਿਅਉ = ਹਰਿਓ | ੨੦ | ੧੬ |
| ੧੩੫੪ | ੧ | ਕੁਟੰਬੵਤੇ = ਕੁਟੰਬਿਅਤੇ | | |
| ੧੩੫੪ | ੬ | ਛੋਦੵਤੇ = ਛੋਦਿਅਤੇ | | |
| ੧੪੦੬ | ੧ | ਝਾੜੵਉ = ਝਾੜਿਅਉ = ਝਾੜਿਓ | | |
| ੧੩੯੫ | ੩॥੧੭ | ਡੁਬੰਤੵਹ = ਡੁਬੰਤਿਅਹ | | |
| | | = ਕਹਤਿਅਹ | ੧੩੯੫ | ੨੦ |
| ੧੩੯੯ | ੧॥੫ | ਧਰੵਉ = ਧਰਿਅਉ = ਧਰਿਓ | ੨੧੪ | ੧॥੧੬੯ |
| ੧੩੫੯ | ੫੩ | ਨਖੵਤ੍ਰ = ਨਖਿਅਤ੍ਰ | ੧੨੦੪ | ੪॥੬ |
| ੧੪੦੮ | ੯ | ਨਿਵਾਰੵਉ = ਨਿਵਾਰਿਅਉ = ਨਿਵਾਰਿਓ | ੭੨੭ | ੩॥੩ |
| ੧੩੯੦ | ੮ | ਪਰੀਖੵਤ = ਪਰੀਖਿਅਤ | | |
| ੧੪੦੪ | ੬ | ਬਿਦੵਮਾਨ = ਬਿਦਿਅਮਾਨ | | |
| ੧੩੦੫ | ੨ | ਰਸੵਉ = ਰਸਿਅਉ = ਰਸਿਓ | | |
| ੧੪੦੧ | ੧ | ਲਖੵਾ = ਲਖਿਆ | ੩੭ | ੪॥੨੭॥੬੦ |
| ੧੩੫੭ | ੪੦ | ਲਖੵਣ = ਲਖਿਅਣ | | |
| ੧੪੦੮ | ੨ | ਲਿਖੵਉ = ਲਿਖਿਅਉ = ਲਿਖਿਓ | ੨੪੧ | ੧॥੧੩ |
| ੧੪੦੭ | ੪ | ਵਗੵਉ = ਵਗਿਅਉ = ਵਗਿਓ | | |

ਯ = ਿ + ਅ :–

[ਇਨ੍ਹਾਂ ਸ਼ਬਦਾਂ ਦੇ ਅਖ਼ੀਰਲੇ ਅੱਖਰਾਂ ਨੂੰ ਪੈਰ-ਚਿੰਨ੍ਹ 'ਯ' ( ੵ ) ਲਗਾ ਹੋਇਆ ਹੈ। ਅਜਿਹੇ ਸ਼ਬਦਾਂ ਵਿਚ, ਇਸ ਚਿੰਨ੍ਹ ਵਾਲੇ ਅੱਖਰ ਤੋਂ ਪਹਿਲੇ ਅਖਰ ਉਤੇ ਅਧਿਕ ਬੋਲਦੀ ਹੈ।]

| ਪੰਨਾ | ਅੰਕ | |
|---|---|---|
| ੧੩੫੬ | ੨੫ | ਅਨਿਤੵ = ਅਨਿਤਿਅ |
| ੧੩੫੬ | ੨੧ | ਸਰਬਗੵ = ਸਰਬਗਿਅ |



www.AKJ.Org

| | | |
|---|---|---|
| ਪੰਨਾ ੧੪੦੬ | ਅੰਕ ੨॥੬੦ | ਸਲੵ = ਸਲਿਅ |
| ੧੩੬੧ | ੧੪ | ਸਿਮਰਤਬੵ = ਸਿਮਰਤਬਿਅ |
| ੧੩੫੩ | ੨ | ਸੰਸਾਰਸੵ = ਸੰਸਾਰਸਿਅ |
| ੧੩੫੩ | ੩੩ | ਹੀਣਸੵ = ਹੀਣਸਿਅ |
| ੧੩੬੨ | ੧ | ਕਲੵ = ਕਲਿਅ |
| ੧੩੫੬ | ੩੧ | ਗੁਣਗੵ = ਗੁਣਗਿਅ |
| ੧੩੫੩ | ੨ | ਜਨਮਸੵ = ਜਨਮਸਿਅ |
| ੧੩੫੪ | ੬ | ਜਸੵ = ਜਸਿਅ |
| ੧੩੫੩ | ੨ | ਤਸੵ = ਤਸਿਅ |
| ੧੩੫੪ | ੩ | ਦੁਰਲਭੵ = ਦੁਰਲਭਿਅ |
| ੧੩੫੫ | ੧੭ | ਦੇਦੀਪੵ = ਦੇਦੀਪਿਅ |
| ੧੪੦੨ | ੩ | ਦਿਬੵ = ਦਿਬਿਅ |
| ੧੩੯੯ | ੩ | ਨਲੵ = ਨਲਿਅ |
| ੧੪੦੯ | ੭ | ਪਰਤਖੵ = ਪਰਤਖਿਅ |
| ੧੩੮੫ | ਸਿਰਲੇਖ | ਬਾਕੵ = ਬਾਕਿਅ |
| ੧੩੬੦ | ੧੨ | ਮਧੵ = ਮਧਿਅ |
| ੧੩੬੦ | ੧ | ਮਨੁਖੵ = ਮਨੁਖਿਅ |
| ੧੩੫੪ | ੬ | ਲਖੵ = ਲਖਿਅ |

ਉਪਰ ਦਸੇ ਗਏ ਉਚਾਰਣ ਦੀ ਸੇਧ ਹੇਠ ਲਿਖੇ ਸ਼ਬਦਾਂ ਤੋਂ ਮਿਲਦੀ ਹੈ—

''ਅਮਿਅ'' ਸਰੋਵਰੋ ਪੀਓ ਹਰਿ ਹਰਿ ਨਾਮਾ ਰਾਮ ॥(੫੪੬)

ਫਰੀਦਾ ਰਬ ਖਜੂਰੀ ਪਕੀਆਂ ''ਮਾਖਿਅ'' ਨਈ ਵਹੰਨਿ ॥ (੧੩੮੧)

**ਯ = ਲਮਕਾਅ ਲਈ ਵਰਤੋਂ**--

ਗੁਰਬਾਣੀ ਵਿਚ 'ਯ' ਅੱਖਰ ਕਈ ਸ਼ਬਦਾਂ ਦੇ ਅੰਤ ਵਿਚ ਲਮਕਾਅ ਦੇ ਤੌਰ ਤੇ ਵਰਤਿਆ ਹੋਇਆ ਮਿਲਦਾ ਹੈ। ਅਜਿਹੀ ਹਾਲਤ ਵਿਚ 'ਯ' ਅੱਖਰ, ਪਹਿਲੇ ਅੱਖਰ ਨੂੰ ਲਗੀ ਲਗ ਨੂੰ ਲੰਮਾ ਕਰਨ, ਅਥਵਾ ਲਮਕਾਉਣ ਦਾ ਹੀ ਕੰਮ ਕਰਦਾ ਹੈ।

ਗੁਨੀਯ, ਰਮਣੀਯ, ਬੋਹਿਯ

ਨੀਚ ਕੁਲਾ ਜੋਲਾਹਰਾ ਭਇਓ ''**ਗੁਨੀਯ**'' ਗਹੇਰਾ ॥ (੪੮੭)

ਕੰਠ ''**ਰਮਣੀਯ**'' ਰਾਮ ਰਾਮ ਮਾਲਾਂ ਹਸਤ ਊਚ ਪ੍ਰੇਮ ਧਾਰਣੀ ॥ (੧੩੫੬)

ਅਮਿਓ ਵੁਠਉ ਛਜਿ ਸੁਰਿਨਰ ਗਣ ਮੁਨਿ ''**ਬੋਹਿਯ**'' ਅਗਾਜਿ ॥ (੧੩੯੧)

ਨੋਟ :—ਅਜਿਹੀ ਬਣਤਰ ਵਾਲਾ ਇਕ ਹੋਰ ਸ਼ਬਦ ''ਚਾਯ'' ਹੈ, ਜਿਸ ਵਿਚ 'ਯ' ਲਮਕਾਅ ਦੇ ਤੌਰ ਤੇ ਨਹੀਂ ਆਇਆ। ਸਗੋਂ 'ਯ' ਦੀ ਅਵਾਜ਼ ਸੂਰੀ ਧੁਨਿ 'ਇ' ਵਰਗੀ ਹੈ।

ਨਾਮੁ ਨਾਵਣੁ ਨਾਮੁ ਰਸ ਖਾਣੁ ਅਰੁ ਭੋਜਨੁ ਨਾਮ ਰਸੁ ਸਦਾ''**ਚਾਯ**''ਮੁਖਿ ਮਿਸ੍ਟ ਬਾਣੀ ॥(੧੩੯੩)



www.AKJ.Org

ਉਪਰੋਕਤ ਸ਼ਬਦਾਂ ਵਿਚ ਯਯੇ ਅਖਰ ਦੀ ਧੁਨੀ ਸੂਰੀ 'ਅ' ਅਖਰ ਦੀ ਧੁਨੀ ਵਾਂਗ ਹੀ ਬੋਲਦੀ ਹੈ। ਇਸ ਦੀ ਪੁਸ਼ਟੀ ਥਲੇ ਦਿਤੀਆਂ ਉਦਾਹਰਣਾਂ ਤੋਂ ਹੁੰਦੀ ਹੈ। ਇਥੇ ਇਹ ਗੱਲ ਖ਼ਾਸ ਤੌਰ ਤੇ ਵਰਨਣ ਯੋਗ ਹੈ ਕਿ ਅਜਿਹੇ ਸ਼ਬਦਾਂ ਵਿਚ ਅੰਤਲੇ ਅਖਰ 'ਯ' ਅਥਵਾ 'ਅ' ਦੀ ਧੁਨੀ ਕੇਵਲ ਲਮਕਾਅ ਲਈ ਹੈ, ਇਸ ਦਾ ਵਖਰਾ ਉਚਾਰਨ ਕਰਨਾ ਅਸ਼ੁੱਧ ਹੈ।

"ਅਮਿਅ" ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ (੫੪੬)
ਮਗਰ ਪਾਛੈ ਕਛੁ ਨ ਸੂਝੈ ਏਹੁ ਪਦਮੁ "ਅਲੋਅ" ॥ (੬੬੩)
ਅੰਮ੍ਰਿਤ "ਸਸੀਅ" ਧੇਨੰ ਲਛਿਮੀ ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ (੬੯੫)
ਨਾਮੇ ਕੇ ਸੁਆਮੀ "ਸੀਅ" ਬਹੋਰੀ ਲੰਕ ਭਭੀਖਣ ਆਪਿਓ ਹੋ ॥ (੬੫੭)
ਬ੍ਰਹਮਾ ਗੁਣ ਉਚਰੈ ਜਿਨਿ ਹੁਕਮਿ ਸਭ ਸ੍ਰਿਸਟਿ "ਸਵਾਰੀਅ" ॥ (੧੩੯੦)
ਸਕਯਥੁ ਸੁ ਹੀਉ ਜਿਤੁ "ਹੀਅ" ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ ॥ (੧੩੯੪)
ਨਾਥ "ਕਛੂਅ" ਨ ਜਾਨਉ ॥ (੭੧੦)
ਤਿਤੁ ਨਾਮਿ ਗੁਰੂ ਗੰਭੀਰ "ਗਰੂਅ" ਮਤਿ ਸਤ ਕਰਿ ਸੰਗਤਿ ਉਧਰੀਆ ॥ (੧੩੯੩)
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ "ਗਇਅ" ॥ (੧੩੯੯)
ਨਾਨਕ ਕੁਲਿ ਨਿੰਮਲੁ ਅਵਤਰਿਉ ਅੰਗਦ ਲਹਣੇ ਸੰਗਿ "ਹੂਅ" ॥ (੧੩੯੫)
"ਘਿਅ" ਪਟ ਭਾਂਡਾ ਕਹੈ ਨ ਕੋਇ ॥ (੭੨੧)
ਰਾਮ ਨਾਮ ਬਿਨੁ "ਘਰੀਅ" ਨ ਜੀਵਉ ॥ (੪੮੫)
ਹਰਿ ਹਰਿ ਦਰਸ ਸਮਾਨ ਆਤਮਾਵੰਤ ਗਿਆਨ "ਜਾਣੀਅ" ਅਕਲ ਗਤਿ ਗੁਰ ਪਰਵਾਨ॥ (੧੩੯੧)
ਬਿਖੈ ਬਿਖੈ ਕੀ ਬਾਸਨਾ "ਤਜੀਅ" ਨਹ ਜਾਈ ॥ (੮੫੫)
"ਤੁਅ" ਚਰਨ ਆਸਰੋ ਈਸ ॥ (੧੨੨੮)
ਪਰ "ਤ੍ਰਿਅ" ਰੂਪੁ ਨ ਪੇਖੈ ਨੇਤ੍ਰ ॥ (੨੭੪)
ਸਸਿ ਰਿਖਿ ਨਿਸਿ ਸੂਰ ਦਿਨਿ ਸੈਲ "ਤਰੂਅ" ਫਲ ਫੁਲ ਦੀਅਉ ॥ (੧੩੯੯)
ਪੁਤੁ ਜਿਨੂਰਾ "ਧੀਅ" ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰ ॥ (੫੫੬)
ਅਟਲੁ ਭਇਓ "ਧ੍ਰੂਅ" ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥ (੬੩੨)
"ਨਾਮ-ਦੇਅ" ਪ੍ਰੀਤਿ ਲਗੀ ਹਰਿ ਸੇਤੀ ਲੋਕ ਛੀਪਾ ਕਹੈ ਬੁਲਾਇ ॥ (੭੩੩)
ਤਿਥੈ "ਲੋਅ" "ਲੋਅ" ਆਕਾਰ ॥ (੮)
ਧੰਨਿ ਸੁਹਾਗਣਿ ਜੋ "ਪ੍ਰੀਅ" ਭਾਵੈ ॥ (੪੮੩)
ਨਾਮੁ ਸੁਨਤ ਜਨੁ "ਬਿਛੂਅ" ਡਸਾਨਾ ॥ (੮੯੩)
ਗੁਣ ਗਾਵੈ ਮੁਨਿ ਬ੍ਯਾਸੁ ਜਿਨਿ ਬੇਦ ਬ੍ਯਾਕਰਣ "ਬੀਚਾਰਿਅ" ॥ (੧੩੯੦)
ਪ੍ਰਗਟ ਜੋਤਿ ਜਗਮਗੈ ਤੇਜੁ "ਭੂਅ" ਮੰਡਲਿ ਛਾਯਉ ॥ (੧੪੦੮)
ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰ ਨਰ "ਭਇਅ" ॥ (੧੩੯੯)
ਚੜਿ ਚੇਤੁ ਬਸੰਤੁ ਮੇਰੇ ਪਿਆਰੇ "ਭਲੀਅ" ਰੁਤੇ ॥ (੪੫੨)
ਫਰੀਦਾ ਰਬ ਖਜੂਰੀ ਪਕੀਆਂ "ਮਾਖਿਅ" ਨਈ ਵਹੰਨਿ ॥ (੧੩੮੧)



www.AKJ.Org

ਯ = ਅ

| | | | | |
|---|---|---|---|---|
| ਪੰਨਾ | ੧੩੫੮ | ਅੰਕ | ੪੮ | ਅਖ਼ਾਯਿ = ਅਖਾਇਅ |
| | ੭੦੧ | | ੧॥੫ | ਆਗਿ = ਆਗਿਅ |
| | ੭੦੧ | | ੧॥੫ | ਤਿਆਗਿ = ਤਿਆਗਿਅ |
| | ੧੩੫੫ | | ੧੩ | ਬਿਗਸੀਧਿ = ਬਿਗਸੀਧਿਅ |

ਉਪਰ ਦਸੇ ਗਏ ਉਚਾਰਣ ਦੀ ਸੇਧ ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਤੋਂ ਮਿਲਦੀ ਹੈ ਉਨ੍ਹਾਂ ਦੀਆਂ ਟੂਕ ਮਾਤਰ ਉਦਾਹਰਣਾਂ ਇਉਂ ਹਨ –

ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੂਖ ਦਰਿਦ੍ਰ ਤਿਨ ਕੇ "ਗਇਅ" ॥
ਸਤਿਗੁਰੂ ਚਰਨ ਜਿਨ੍ਹ ਪਰਸਿਆ ਸੇ ਪਸੁ ਪਰੇਤ ਸੁਰਿਨਰ "ਭਇਅ" ॥

ਯ = ਇ ਅ

| | | | | | | |
|---|---|---|---|---|---|---|
| ਪੰਨਾ | ੧੪੦ | ਅੰਕ | ੧ | ਉਪਾਯਉ = ਉਪਾਇਅਉ = ਉਪਾਇਓ | ਪੰਨਾ ੫੩੧ | ਅੰਕ ੧੬ |
| | ੨੮੭ | | ੪ | ਅਖਯਉ = ਅਖਇਅਉ = ਅਖਇਓ | ੦੦੬ | ੬॥੧੨ |
| | ੧੩੯੯ | | ੪॥੮ | ਅਕਯਥ = ਅਕਇਅਥ | – | – |
| | ੧੩੯੬ | | ੨॥੨੦ | ਆਯਉ = ਆਇਅਉ | ੧੪੦੯ | ੨॥੨੧ |
| | | | | = ਆਇਓ | ੨੮ | ੫॥੩੮ |
| | ੧੩੯੪ | | ੧॥੧੦ | ਸਕਯਥੁ = ਸਕਇਅਥੁ | – | – |
| | ੧੪੦੮ | | ੮ | ਸਮਾਯਉ = ਸਮਾਇਅਉ | ੧੪੦੭ | ੫ |
| | | | | = ਸਮਾਇਓ | ੧੩੯੦ | ੧੦ |
| | ੧੩੮੬ | | ੭ | ਹੋਯਉ = ਹੋਇਅਉ = ਹੋਇਓ | ੧੩੧ | ੨॥੩੬ |
| | ੧੪੦੮ | | ੧ | ਕਹਾਯਉ = ਕਹਾਇਅਉ = ਕਹਾਇਓ | ੧੩੯੦ | ੭ |
| | ੧੪੦੮ | | ੮ | ਕਮਾਯਉ = ਕਮਾਇਅਉ = ਕਮਾਇਓ | ੫੦੧ | ੧੭॥੨੫ |
| | ੬੯੫ | | ੧ | ਕਾਯਉ = ਕਾਇਅਉ = ਕਾਇਓ | ੬੯੫ | ੩ |
| | ੧੪੦੦ | | ੬॥੧੦ | ਗਯਉ = ਗਇਅਉ = ਗਇਓ | ੨੪੧ | ੧॥੧੩ |
| | ੧੪੦੩ | | ੪॥੯ | ਗਯੰਦ = ਗਇਅੰਦ | – | – |
| | ੧੪੦੮ | | ੨ | ਛਾਯਉ = ਛਾਇਅਉ = ਛਾਇਓ | ੧੨੧੭ | ੪੩॥੬੬ |
| | ੧੩੯੭ | | ੮ | ਤਰਾਯਉ = ਤਰਾਇਅਉ = ਤਰਾਇਓ | ੨੪੧ | ੨॥੧੪ |
| | ੧੪੦੭ | | ੨ | ਦਰਸਾਯਉ = ਦਰਸਾਇਅਉ = ਦਰਸਾਇਓ | – | – |
| | ੧੩੯੫ | | ੨॥੧੬ | ਦੀਪਾਯਉ = ਦੀਪਾਇਅਉ | ੧੪੦੮ | ੯ |
| | | | | = ਦੀਪਾਇਓ | ੨੪੧ | ੨॥੧੪ |
| | ੧੩੯੭ | | ੭ | ਦ੍ਰਿੜਾਯਉ = ਦ੍ਰਿੜਾਇਅਉ | ੧੩੯੭ | ੭ |
| | | | | = ਦ੍ਰਿੜਾਇਓ | ੨੪੧ | ੨॥੧੩ |



www.AKJ.Org

| | | | | |
|---|---|---|---|---|
| ਪੰਨਾ ੧੪੦੦ | ਅੰਕ ੬।।੧੦ | ਧਾਯਉ = ਧਾਇਅਉ = ਧਾਇਓ | ੪੦੯ | ੫।।੫੬ |
| ੧੩੯੬ | ੧ | ਧਿਆਯਉ = ਧਿਆਇਅਉ | ੨੪੧ | ੨।।੧੩ |
| | | = ਧਿਆਇਓ | ੨੩੯ | ੮ |
| ੧੪੦੯ | ੬ | ਪਛੁਤਾਯਉ = ਪਛੁਤਾਇਅਉ = ਪਛੁਤਾਇਓ | ੪੦੮ | ੧।।੫੨ |
| ੧੪੦੮ | ੮ | ਪਰਚਾਯਉ = ਪਰਚਾਇਅਉ = ਪਰਚਾਇਓ | — | — |
| ੧੪੦੫ | ੧ | ਪਾਯਉ = ਪਾਇਅਉ = ਪਾਇਓ | ੪ | ੨੧ |
| ੧੪੦੭ | ੨ | ਬਸਾਯਉ = ਬਸਾਇਅਓ | ੧੪੦੮ | ੯ |
| | | = ਬਸਾਇਓ | ੭੧੫ | ੧।।੧੬ |
| ੧੪੦੦ | ੬।।੧੦ | ਬਨਾਯਉ = ਬਨਾਇਅਓ = ਬਨਾਇਓ | ੮੨੫ | ੧੯।।੧੦੫ |
| ੧੩੯੩ | ੧ | ਬਰਦਾਯਉ = ਬਰਦਾਇਅਉ = ਬਰਦਾਇਓ | — | — |
| ੧੪੦੯ | ੨।।੨੧ | ਬੈਠਾਯਉ = ਬੈਠਾਇਅਉ = ਬੈਠਾਇਓ | — | — |
| ੧੪੦੯ | ੭ | ਭਯਉ = ਭਇਅਉ | ੧੩੯੯ | ੨।।੬ |
| | | = ਭਇਓ | ੧੭੬ | ੩।।੭੨ |
| ੧੩੯੫ | ੨।।੧੬ | ਮਿਲਾਯਉ = ਮਿਲਾਇਅਉ | ੧੪੦੭ | ੫ |
| | | = ਮਿਲਾਇਓ | ੨੦੫ | ੨।।੨੩ |
| ੧੪੦੯ | ੧ | ਮੁਯਉ = ਮੁਇਅਉ = ਮੁਇਓ | ੨੪੧ | ੨।।੧੪ |
| ੧੩੯੫ | ੨।੨੦ | ਲਾਯਉ = ਲਾਇਅਉ = ਲਾਇਓ | ੨੪੦ | ੯ |
| | | ਨਿਰਭਯਹ = ਨਿਰਭਇਅਹ | — | — |
| ੧੩੫੬ | ੨੫ | ਕਰੁਣਾਮਯਹ = ਕਰੁਣਾਮਇਅ | — | — |

ਯ = ਇ

| | | | | |
|---|---|---|---|---|
| ਪੰਨਾ ੧੩੯੩ | ਅੰਕ ੧।।੮ | ਚਾਯ = ਚਾਇ | ਪੰਨਾ ੭੦ | ਅੰਕ ੨੬ |
| ੧੪੦੦ | ੫।।੯ | ਦਾਯਕੁ = ਦਾਇਕੁ | — | — |

ਉਪਰ ਦਸੇ ਗਏ ਉਚਾਰਣ ਦੀ ਸੇਧ ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਤੋਂ ਮਿਲਦੀ ਹੈ ਉਨ੍ਹਾਂ ਦੀਆਂ ਟੂਕ ਮਾਤਰ ਉਦਾਹਰਣਾਂ ਹੇਠਾਂ ਦਰਜ ਹਨ—

ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ "**ਸੁਖਦਾਇਕ**" ॥ (੧੧੦੨)
ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ "**ਲਾਇਕ**" ॥ (੧੧੦੨)
ਤੁਮ ਜੁ "**ਨਾਇਕ**" ਆਛਹੁ ਅੰਤਰਜਾਮੀ ॥ (੯੩)

ਯ = ਇ = ੈ

| | | | | |
|---|---|---|---|---|
| ਪੰਨਾ ੧੩੯੪ | ਅੰਕ ੨।।੧੧ | ਸਯ = ਸਇ = ਸੈ | ਪੰਨਾ ੧੦ | ਅੰਕ ੪।।੫ |
| ੧੪੦੫ | ੧ | ਜਯ = ਜਇ = ਜੈ | ੨੯੫ | ੩ |



www.AKJ.Org

| | | | | |
|---|---|---|---|---|
| ਪੰਨਾ ੧੪੦੫ | ਅੰਕ ੩ | ਜਯਦੇਵ = ਜਇ ਦੇਵ = ਜੈ ਦੇਵ | ੫੨੬ | ੧ |
| ੧੪੦੮ | ੧ | ਨਯਣਿ = ਨਇਣ = ਨੈਣ | ੧੩੬ | ੧ |
| ੧੩੯੪ | ੧॥੧੦ | ਪਵਲਿਰਯ = ਪਵਲਿਰਇ = ਪਵਲਿਰੈ | — | — |
| ੧੩੯੪ | ੧॥੧੦ | ਪਯ = ਪਇ = ਪੈ | — | — |
| ੧੩੯੪ | ੩।੧੨ | ਬਯਣਿ = ਬਇਣਿ = ਬੈਣਿ | ੫੩੮ | ੨ |
| ੧੪੦੭ | ੬ | ਭਯ = ਭਇ | ੧੫੭ | ੨॥੨੧ |
| | | = ਭੈ | ੧੬ | ੬ |
| ੧੪੦੮ | ੩ | ਮਯ = ਮਇ | ੬੫੭ | ੧ |
| | | = ਮੈ | ੧੩ | ੩ |
| ੧੪੦੮ | ੩ | ਰਯਨਿ = ਰਯਨਿ = ਰੈਨਿ | ੧੭੭ | ੬॥੭੫ |

ਯ = ਈ, ਈਆ—

ਪੰਨਾ ੨੦੩ ਅੰਕ ੧॥੧੧੬ ਦਯ = ਦਈ ਪੰਨਾ ੧੧੫੨ ਅੰਕ ੪੧॥੫੪

ਨੋਟ :—'ਦਯ' ਸ਼ਬਦ ਦੇ ਅੰਤਲੇ 'ਯ' ਅੱਖਰ ਨੂੰ ਵਖ ਵਖ ਲਗਾਂ ਲਗਣ ਨਾਲ ਜੋ ਜੋ ਉਚਾਰਣ ਬਣਦੇ ਹਨ, ਉਹਨਾਂ ਬਾਰੇ ਸਬੰਧਤ ਭਾਗ ਵਿਚ ਦੇਖੋ ਜੀ।

| | | | | |
|---|---|---|---|---|
| ਪੰਨਾ ੧੪੧ | ਅੰਕ ੮ | ਰਯਤਿ = ਰਈਅਤਿ | ਪੰਨਾ ੭੯੩ | ਅੰਕ ੫ |
| ੨੨੭ | ੧੪ | ,, ,, | ੧੦੩੬ | ੩॥੧੫ |
| ੪੬੯ | ੧੧ | ,, ,, | ੧੦੫੭ | ੫॥੧੪ |
| ੧੦੧੬ | ੩॥੧੧ | ,, ,, | | |

ਉਪਰ ਦਸੇ ਗਏ ਉਚਾਰਣ ਦੀ ਸੇਧ ਗੁਰਬਾਣੀ ਦੀਆਂ ਜਿਨ੍ਹਾਂ ਤੁਕਾਂ ਤੋਂ ਮਿਲਦੀ ਹੈ, ਉਹ ਥਲੇ ਦਿਤੀਆਂ ਜਾਂਦੀਆਂ ਹਨ :—

**ਦਈ**

ਨਿੰਦਕ ਕਉ ਦਈ ਛੋਡੈ ਨਾਹਿ ਪੰਨਾ ੧੧੫੨ ਅੰਕ ੪੧॥੫੪
ਦਫਤਰੁ ਦਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲੁ ੧੩੭੫ ੧੯੯

**ਰਈਅਤਿ**

ਨਉ ਡਾਡੀ ਦਸ ਮੁੰਸਫ ਧਾਵਹਿ "ਰਈਅਤਿ" ਬਸਨ ਨ ਦੇਹੀ ॥ (੭੯੩)
"ਰਈਅਤਿ" ਰਾਉ ਨ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥ (੧੦੩੬)
"ਰਈਅਤਿ" ਰਾਜੇ ਦੁਰਮਤਿ ਦੋਈ ॥ (੧੦੫੭)



www.AKJ.Org

## ਸੂਰ 'ਯ' ਕੰਨੇ-ਸਹਿਤ (ਯਾ)-

ਯ = ਇਆ

| | | | | |
|---|---|---|---|---|
| ਪੰਨਾ ੪੮੪ | ਅੰਕ ੩੭ | ਅਜਾਨਾ = ਅਇਆਨਾ = ਅਇਆਨੇ | ਪੰਨਾ ੧੧੨੪ | ਅੰਕ ੪ |
| | | | ੧੪੦੯ | ੩॥੨੧ |
| ੧੪੦੯ | ੬ | ਆਯਉ = ਆਇਅਉ | – | – |
| | | = ਆਇਓ | ੨੮ | ੫।੩੮ |
| ੫੮੫ | ੧ | ਆਯਾ = ਆਇਆ | ੨੧ | ੧੮ |
| ੬੯੫ | ੩ | ਕਾਯਉ = ਕਾਇਅਉ = ਕਾਇਓ | ੬੯੫ | ੩ |
| ੧੩੫੮ | ੫੨ | ਕੋਯਾ = ਕਇਆ | ੬ | ੨੮ |
| ੧੩੬੯ | ੬੮ | ਖਾਯਾ = ਖਾਇਆ | ੫੦ | ੨੦॥੬੦ |
| ੧੩੫੬ | ੩੦ | ਛਾਯਾ = ਛਾਇਆ | ੭੧੭ | ੭॥੨੬ |
| ੭੧੪ | ੬॥੧੪ | ਦਯਾ = ਦਇਆ | ੩ | ੧੬ |
| ੪੮੮ | ੩ | ਦਯਾਲ = ਦਇਆਲ | ੪੯ | ੧੮॥੮੮ |
| ੬੭੨ | ੪॥੮ | ਦਿਖਾਯਾ = ਦਿਖਾਇਆ | ੮੬ | ੧੧ |
| ੧੩੦੩ | ੧੩॥੪੨ | ਪਯਾਲਿ = ਪਇਆਲਿ | ੭੧ | ੨੮ |
| ੧੩੧੯ | ੧ | ਪਾਯਾ = ਪਾਇਆ | ੭ | ੩੧ |
| ੫੩੭ | ੧ | ਭੁਯਾ = ਭਇਆ | ੧੯ | ੧੫ |
| ੧੩੫੮ | ੪੯ | ਭਯਾਨ = ਭਇਆਨ | ੨੬੪ | ੪ |
| ੧੩੫੮ | ੫੦ | ਮਯਾ = ਮਇਆ | ੪੪ | ੭॥੭੭ |
| ੩੩੬ | ੫੭ | ਮਾਯਾ = ਮਾਇਆ | ੬ | ੨੭ |
| | | ਪੈਯਾ = ਪਇਆ | ੩੧ | ੧੪॥੪੭ |

ਨੋਟ :—ਆਖ਼ਰੀ ਸ਼ਬਦ 'ਪੈਯਾ' ਦੇ 'ਪ' ਅਖਰ ਨੂੰ ਦੋਲਾਵਾਂ ( ੈ ) ਕਈ ਲਿਖਤੀ ਬੀੜਾਂ ਵਿਚ ਨਹੀਂ ਹਨ ਜੀ।

ਯਾ = ਆ

| | | | | |
|---|---|---|---|---|
| ਪੰਨਾ ੧੩੬੨ | ਅੰਕ ੧ | ਬਿਸ੍ਤ੍ਰੀਯਾ = ਬਿਸਤਰੀਆ | – | – |

ਯਾ = ਆ, ਿ + ਆ

| | | | | |
|---|---|---|---|---|
| ਪੰਨਾ ੧੩੫੮ | ਅੰਕ ੪੮ | ਸਮਜਯਾ = ਸਮੱਜਿਆ | – | – |
| ੧੩੫੭ | ੩੭ | ਬਿਖਯਾ = ਬਿਖਿਆ | ੩੦ | ੧੦॥੪੩ |
| ੧੩੫੮ | ੪੮ | ਲਜਯਾ = ਲਜਿਆ | ੧੩੧੬ | ੭ |
| ੬੫੭ | ੧ | ਉਜੵਾਰਾ = ਉਜਿਆਰਾ | ੬੬੯ | ੭੨ |
| ੧੪੦੨ | ੩ | ਅਵਲੋਕੵਾ = ਅਵਲੋਕਿਆ | – | – |
| ੧੩੮੭ | ੨ | ਸਿਖੵਾ = ਸਿਖਿਆ | ੨੨੧ | ੧ |
| ੧੪੦੩ | ੧੦ | ਕਲੵਾਨੁ = ਕਲਿਆਨੁ | ੨੦੦ | ੧੭੧ |



www.AKJ.Org

| | | | | |
|---|---|---|---|---|
| ੩੩੧ | ੪੩ | ਗ੍ਯਾਨ = ਗਿਆਨ | ੪ | ੧੭ |
| ੧੩੦੨ | ੨॥੨੦ | ਗਿ੍ਯਾਨ = ਗਿਆਨ | ੭ | ੩੫ |
| ੧੪੦੦ | ੧॥੧੩ | ਗ੍ਯਾਨੀਅਹੁ = ਗਿਆਨੀਅਹੁ | — | — |
| ੧੪੦੨ | ੩ | ਛੁਟਕ੍ਯਾ = ਛੁਟਕਿਆ | — | — |
| ੧੩੯੬ | ੩ | ਜਾਗ੍ਯਾ = ਜਾਗਿਆ | ੨੨੧ | ੧ |
| ੧੩੬੩ | ੧੬ | ਧ੍ਯਾਈਐ = ਧਿਆਈਐ | ੨੬ | ੧॥੩੪ |
| ੩੯੫ | ੩॥੯੭ | ਧ੍ਯਾਇ = ਧਿਆਇ | ੨੭ | ੪॥੩੭ |
| ੧੩੯੬ | ੮ | ਧ੍ਯਾਨੁ = ਧਿਆਨੁ | ੩ | ੧੦ |
| ੧੩੬੧ | ੧੫ | ਧ੍ਯਾਵਹ = ਧਿਆਵਹ | ੧੧੬੫ | ੩॥੯ |
| ੧੩੫੩ | ੧ | ਧ੍ਯਾਵੈ = ਧਿਆਵੈ | ੭੬ | ੧॥੩ |
| ੧੩੯੭ | ੩ | ਪਰਕਾਸ੍ਯਾ = ਪਰਕਾਸਿਆ | — | — |
| | | ਪਰਗਾਸਿਆ | ੫੯੮ | ੮ |
| ੨੭੯ | ੧੨ | ਬਖ੍ਯਾਣੀ = ਬਖਿਆਣੀ | — | — |
| ੨੯੨ | ੨੧ | ਬਖ੍ਯਾਨੁ = ਬਖਿਆਨੁ | — | — |
| | | ਬਖਿਆਣ | ੯੦ | ੪੩॥੫੪ |
| ੧੩੯੮ | ੧ | ਬਿਖ੍ਯਾਤਾ = ਬਿਖਿਆਤਾ | ੧੩੯੯ | ੧ |
| ੧੩੫੫ | ੧੮ | ਬਿਖ੍ਯਾਦੰ = ਬਿਖਿਆਦੰ | — | — |
| ੧੩੫੮ | ੪੮ | ਬਿਗ੍ਯਾਪਤਿ = ਬਿਗਿਆਪਤਿ | — | — |
| ੧੩੯੦ | ੯ | ਬ੍ਯਾਕਰਣ = ਬਿਆਕਰਣ | ੧੧੨੭ | ੭॥੮ |
| ੧੩੬੧ | ੧੬ | ਬ੍ਯਾਧਿ = ਬਿਆਧਿ | ੨੦੦ | ੧੭੧ |
| ੧੩੮੫ | ੧ | ਬ੍ਯਾਪਤੁ = ਬਿਆਪਤੁ | — | — |
| | | ਬਿਆਪਤ | ੨੯੨ | ੮੮ |
| ੧੩੫੫ | ੧੧ | ਬ੍ਯਾਪਿਤੰ = ਬਿਆਪਿਤੰ | — | — |
| ੨੨੭ | ੧ | ਮਿ੍ਯਾਨੇ = ਮਿਆਨੇ | ੨੨੭ | ੧ |
| ੧੩੫੮ | ੫੨ | ਰਖ੍ਯਾ = ਰਖਿਆ | ੩ | ੧੬ |
| ੧੪੦੧ | ੧ | ਲਖ੍ਯਾ = ਲਖਿਆ | ੩੭ | ੬੦ |
| ੨੬੧ | ੫੪ | ਵਖ੍ਯਾਨਾ = ਵਖਿਆਨਾ | ੭੯੭ | ੩ |

ਨੋਟ :—ਉਪਰੋਕਤ ਕਿਸਮ ਦੇ ਸ਼ਬਦਾਂ ਦੀ ਸੂਚੀ ਵਿਚ ਇਕ ਸ਼ਬਦ "ਪਤ੍ਯਾਇ" ਹੈ, ਜਿਸ ਦਾ ਉਚਾਰਣ **"ਪਤੀਆਇ"** ਬਣਦਾ ਹੈ। ਇਸ ਦੀ ਪੁਸ਼ਟੀ ਹੇਠਾਂ ਦਿਤੀਆਂ ਗੁਰਬਾਣੀ ਦੀਆਂ ਤੁਕਾਂ ਤੋਂ ਹੁੰਦੀ ਹੈ। 'ਪਤਿਆਇ' ਸਿਹਾਰੀ ਤਤੇ ('ਤਿ') ਸਹਿਤ ਸਮੱਗਰ ਗੁਰਬਾਣੀ ਵਿਚ ਕਿਧਰੇ ਨਹੀਂ ਮਿਲਦਾ।

ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ "ਪਤੀਆਇ" ॥ (੨੨)
ਮਿਲਿਆ ਕਾ ਕਿਆ ਮੇਲੀਐ ਸਬਦੇ ਮਿਲੇ "ਪਤੀਆਇ" ॥ (੬੦)
ਸਚੇ ਹੀ "ਪਤੀਆਇ" ਸਚਿ ਵਿਗਸਿਆ ॥ (੧੪੬)



www.AKJ.Org

ਯਾ = ਈਆ–

| | | | | | |
|---|---|---|---|---|---|
| ਪੰਨਾ ੧੩੭ | ਅੰਕ ੧ | ਭਯਾ = ਭਈਆ | ਪੰਨਾ ੬੫੪ | ਅੰਕ ੨ |
| ੭੩ | ੨॥੨੯ | ਦੁਯਾ = ਦੁਈਆ | ੮੩੬ | ੬੫੯ |

ਇਸ ਉਚਾਰਣ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਹੇਠ ਲਿਖੀਆਂ ਤੁਕਾਂ ਤੋਂ ਸੇਧ ਮਿਲਦੀ ਹੈ :–

ਸੰਗਿ ਨ ਕੋਈ "**ਭਈਆ**" ਬਬਾ ॥ (੧੧੨੦)

ਜਿਨ ਕਉ ਪਿਆਸ ਹੋਇ ਪ੍ਰਭ ਕੇਰੀ ਤਿਨ ਅਵਰੁ ਨ ਭਾਵੈ ਬਿਨੁ ਹਰਿ ਕੋ "**ਦੁਈਆ**" ॥ (੮੩੬)

## ਸੂਰ 'ਯ' ਸਿਹਾਰੀ ਸਹਿਤ–

ਯਿ = ਈਇ

ਪੰਨਾ ੩੦੩ ਅੰਕ ੭ ਦਯਿ = ਦਈਇ

## ਸੂਰ 'ਯ' ਬਿਹਾਰੀ ਸਹਿਤ–

ਯੀ = ਈਈ

ਪੰਨਾ ੪੬੩ ਅੰਕ ੧ ਦੁਯੀ = ਦੁਈਈ

## ਸੂਰ 'ਯ' ਔਂਕੜ ਸਹਿਤ–

ਯੁ = ਈਉ, ਿ + ਉ

| | | |
|---|---|---|
| ਪੰਨਾ ੨੧੮ | ਅੰਕ ੧੭੦ | ਦਯੁ = ਦਈਉ |
| ੧੩੫੭ | ੪੨ | ਮ੍ਰਿਤੁ = ਮ੍ਰਿਤਿਉ |
| ੧੩੯੭ | ੭ | ਕਲੁਚਰੈ = ਕਲੁ+ਉਚਰੈ = ਕਲਿਅ+ਉਚਰੈ = ਕਲਿਉਚਰੈ |

## ਸੂਰ 'ਯ' ਦੁਲੈਂਕੜ ਸਹਿਤ–

ਯੂ = ਊ

ਪੰਨਾ ੬੬੮ ਅੰਕ ੬ ਪਿਯੂ = ਪਿਊ

ਪਿਊਸ ਪੰਨਾ ੧੪੦੦ ਅੰਕ ੬॥੧੦

ਇਸ ਉਚਾਰਣ ਦੀ ਪੁਸ਼ਟੀ ਲਈ ਗੁਰਬਾਣੀ ਦੀਆਂ ਤੁਕਾਂ ਵੇਖੋ –

"**ਪੀਊ**" ਦਾਦੇ ਦਾ ਖੋਲਿ ਡਿਠਾ ਖਜਾਨਾ ॥ (੧੮੬)

ਮਾਊ "**ਪੀਊ**" ਕਿਰਤੁ ਗਵਾਇਨਿ ਟਬਰ ਰੋਵਹਿ ਧਾਈ ॥ (੧੪੯)

## ਸੂਰ 'ਯ' ਲਾਂਵ ਸਹਿਤ–

ਯੇ = ਈਏ

| | | | | |
|---|---|---|---|---|
| ਪੰਨਾ ੧੩੮੭ | ਅੰਕ ਸਿਰਲਖ | ਸਵਯੇ = ਸਵਈਏ | ਪੰਨਾ ੧੩੮੯ | ਅੰਕ ਸਿਰਲੇਖ |
| ੨੪੬ | ੪॥੫॥੭ | ਮੁਯੇ = ਮੁਈਏ | ੧੧੧੦ | ੫॥੨ |



www.AKJ.Org

ਪੰਨਾ ੩੨੮ ਅੰਕ ੩॥੨੩ ਰਮਯੇ = ਰਮਈਏ ਪੰਨਾ ੩੪੫ ਅੰਕ ੪॥੧

ਉਪਰ ਦਸੇ ਗਏ ਉਚਾਰਣ ਦੀ ਸੇਧ ਗੁਰਬਾਣੀ ਦੇ ਜਿਨ੍ਹਾਂ ਸ਼ਬਦਾਂ ਤੋਂ ਮਿਲਦੀ ਹੈ ਉਨ੍ਹਾਂ ਦੀਆਂ ਟੂਕ ਮਾਤਰ ਉਦਾਹਰਣਾਂ ਹੇਠ ਦਿਤੀਆਂ ਜਾਂਦੀਆਂ ਹਨ :–

"ਸਵਈਏ" ਮਹਲੇ ਪਹਿਲੇ ਕੇ ੧ ॥ (੧੩੮੯)
"ਸਵਈਏ" ਮਹਲੇ ਦੂਜੇ ਕੇ ੨ ॥ (੧੩੯੧)
ਆਪਣੇ ਪਿਰ ਕੈ ਰੰਗਿ ਰਤੀ "ਮੁਈਏ" ਸੋਭਾਵੰਤੀ ਨਾਰੇ ॥ (੫੬੭)
ਵਖਰੁ ਰਾਖੁ "ਮੁਈਏ" ਆਵੈ ਵਾਰੀ ਰਾਮ ॥ (੧੧੧੦)
"ਰਮਈਏ" ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥ (੩੪੫)
ਮੇਰੇ "ਰਮਈਏ" ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥ (੩੪੬)

## ਸੂਰ 'ਯ' ਦੋਲਾਵਾਂ ਸਹਿਤ–

### ਯੈ = ਈਐ

ਪੰਨਾ ੭੪ ਅੰਕ ੨੯ ਦਯੈ = ਦਈਐ
੧੩੪ ੫ ਦੁਯੈ = ਦੁਈਐ
ਦੁਈਆ ਪੰਨਾ ੮੩੬ ਅਸ਼ਟ: ੨੬

## ਸੂਰ 'ਯ' ਹੋੜੇ ਸਹਿਤ–

### ਯੋ = ਈਓ

ਪੰਨਾ ੪੩੪ ਪਟੀ ਅਯੋ = ਅਈਓ
ਅਈਏ ਮਈਏ ਪੰਨਾ ੬੯੩ ਅੰਕ ੪

### ਯੋ = ਇਓ

| | | | | | |
|---|---|---|---|---|---|
| ਪੰਨਾ ੧੩੬੧ | ਅੰਕ ੨੩ | ਹੋਯੋ = ਹੋਇਓ | | ੧੩੧ | ੩੬ |
| ੧੪੦੫ | ੪ | ਜਯੋ = ਜਇਓ | | — | — |
| — | — | | ਜਇਆ | ੮੨੯ | ੧੨੪ |
| ੧੩੯੨ | ੭ | ਨਠਯੋ = ਨਠਿਓ | | — | — |
| ੧੩੮੬ | ੬ | ਭਯੋ = ਭਇਓ | | ੧੩੭੧ | ੧੩੩ |

### ਯੋ = ਿ + ਓ

| | | | | |
|---|---|---|---|---|
| ਪੰਨਾ ੧੪੦੬ | ਅੰਕ ੨ | ਉਪਜੋ = ਉਪਜਿਓ | ਪੰਨਾ ੫੨੯ | ਅੰਕ ੪ |
| ੧੪੦੮ | ੩ | ਲਾਗੋ = ਲਾਗਿਓ | ੧੨੦੩ | ੫ |


www.AKJ.Org

## ਸੂਰ 'ਯ' ਕਨੌੜੇ ਸਹਿਤ–

ਯੌ = ਯਉ = ਇ ਅ ਉ–

| | | | | |
|---|---|---|---|---|
| ਪੰਨਾ ੧੩੯੫ | ਅੰਕ ੧੫ | ਨਿਰਮਯੌ = ਨਿਰਮਇਅਉ = ਨਿਰਮਇਓ | ਪੰਨਾ – | ਅੰਕ੮ |
| ੧੩੯੫ | ੧॥੧੫ | ਪਾਯੌ = ਪਾਯਉ | ੧੩੯੩ | ੬ |
| | | = ਪਾਇਅਉ | ੧੩੯੭ | – |
| | | = ਪਾਇਓ | ੧੩੯੭ | ੫ |
| ੧੩੯੨ | ੬ | ਭਯੌ = ਭਯਉ | ੧੩੮੬ | ੫ |
| | | = ਭਇਅਉ | ੧੩੯੯ | ੬ |
| | | = ਭਇਓ | ੧੩੭੧ | ੧੩੩ |
| ੧੩੯੨ | ੬ | ਲਯੌ = ਲਇਅਉ = ਲਇਓ | ੮੫੬ | ੪ |

ਨੋਟ :–ਭਯਉ, ਹੋਯਉ, ਪਾਯਉ, ਦੀਪਾਯਉ, ਮਿਲਾਯਉ, ਮੁਯਉ ਆਦਿ ਸ਼ਬਦਾਂ ਵਿਚ 'ਯਉ' 'ਯੌ' ਦਾ ਹੀ ਬਦਲਵਾਂ ਰੂਪ ਹੈ। ਯਉ ਰੂਪ ਵਾਲੇ ਸ਼ਬਦ 'ਯ' ਮੁਕਤਾ ਵਾਲੇ ਹਿੱਸੇ ਵਿਚ ਦਿਤੇ ਗਏ ਹਨ।

## ਸੂਰ 'ਯ' ਟਿੱਪੀ ਸਹਿਤ–

ਯ = ਅਂ, ਿ + ਅਂ, ਇ + ਅਂ–

| | | | | |
|---|---|---|---|---|
| ਪੰਨਾ ੧੩੫੮ | ਅੰਕ ੪੮ | ਅਸਾਜ੍ਯੰ = ਅਸਾਜਿਅਂ | ਪੰਨਾ – | ਅੰਕ – |
| ੧੩੫੪ | ੩ | ਅਤੵੰਤ = ਅਤਿਅੰਤ | – | – |
| ੧੩੫੫ | ੧੧ | ਇਤੵੰਤ = ਇਤਿਅੰਤ | – | – |
| ੧੩੫੪ | ੨ | ਸਤੵੰ = ਸਤਿਅਂ | – | – |
| ੧੩੬੧ | ੧੮ | ਸਿਧੵੰ = ਸਿਧਿਅਂ | – | – |
| ੧੩੫੭ | ੩੭ | ਸੁਖੵੰ = ਸੁਖਿਅਂ | – | – |
| ੫੨੬ | ੧ | ਸਮਬ੍ਯੰ = ਸਮਬਿਅਂ | – | – |
| ੧੩੫੯ | ੫੯ | ਸਗਲੵੰ = ਸਗਲਿਅਂ | – | – |
| ੧੩੫੪ | ੨ | ਸੁਪੵੰ = ਸੁਖਿਅਂ | – | – |
| ੧੩੫੫ | ੧੮ | ਹਤੵੰ = ਹਤਿਅਂ | – | – |
| ੧੩੫੮ | ੪੮ | ਖਾਧੵੰ = ਖਾਧਿਅਂ | – | – |
| ੧੩੫੮ | ੪੬ | ਗੰਮੵੰ = ਗੰਮਿਅਂ | – | – |
| ੧੩੦੩ | ੪॥੯ | ਗਯੰਦ = ਗਇਅੰਦ | – | – |
| ੧੩੫੪ | ੫ | ਗੁਣਗੵੰ = ਗੁਣਗਿਅਂ | – | – |
| ੧੩੫੯ | ੫੩ | ਜੋਤੵੰ = ਜੋਤਿਅਂ | – | – |
| ੧੩੬੦ | ੮ | ਝੜੀਯੰ = ਝੜੀਅਂ | – | – |
| | | = ਜੜੀਅਂ | ੧੩੬੦ | ੮ |
| ੧੩੫੪ | ੫,੮ | ਤੁਯੰ = ਤੁਅਂ | – | – |
| ੧੩੫੪ | ੪ | ਤੋਯੰ = ਤੋਇਅਂ | – | – |



www.AKJ.Org

| | | | | |
|---|---|---|---|---|
| ਪੰਨਾ ੧੩੫੫ | ਅੰਕ ੧੮ | ਦੁਖੵੰ = ਦੁਖਿਅੰ | — | — |
| ੧੩੫੬ | ੨੯ | ਧਾਯੰਤੇ = ਧਾਇਅੰਤੇ | — | — |
| ੧੩੫੮ | ੪੭ | ਨਿਰਤੵ = ਨਿਰਤਿਅੰ | — | — |
| ੧੩੫੬ | ੨੯ | ਨਿਰਭਯੰ = ਨਿਰਭਇਅੰ | — | — |
| ੨੫੦ | ੩ | ਪਾਯੰ = ਪਾਇਅੰ | — | — |
| ੦੩੫੮ | ੪੭ | ਬਿਖਯੰਤ = ਬਿਖਿਅੰਤ | — | — |
| ੧੩੫੫ | ੧੩ | ਬਸ੍ਯੰਤ = ਬਸਿਅੰਤ | — | — |
| ੧੩੫੪ | ੧੧ | ਬੁਧੵੰ = ਬੁਧਿਅੰ | — | — |
| ੧੩੬੧ | ੧੮ | ਬਿਧੵੰ = ਬਿਧਿਅੰ | — | — |
| ੧੩੫੮ | ੪੯ | ਬੈਦੵੰ = ਬੈਦਿਅੰ | — | — |
| ੧੩੬੧ | ੧੮ | ਭਬੵੰ = ਭਬਿਅ | — | — |
| ੧੩੫੭ | ੩੭ | ਭਯੰਤਿ = ਭਇਅੰਤਿ | ੧੩੦੧ | ੧੫ |
| ੧੩੫੫ | ੨੦ | ਭਯੰ = ਭਇਅੰ | ੫੨੬ | ੧ |
| ੧੩੬੧ | ੧੬ | ਭੁਯੰਗਮ = ਭੁਇਅੰਗਮ | ੯੧੨ | ੧ |
| ੬੮੨ | ੪੯ | ਮਧੵੰਤ = ਮਧਿਅੰਤ | — | — |
| ੧੩੫੮ | ੪੫ | ਮਾਨੁਖੵੰ = ਮਾਨੁਖਿਅੰ | — | — |
| ੧੩੫੫ | ੧੩ | ਰਿਦਯੰ = ਰਿਦਿਅੰ | — | — |
| ੧੩੫੬ | ੨੫ | ਰੋਗੵੰ = ਰੋਗਿਅੰ | — | — |
| ੧੩੫੬ | ੩੧ | ਲਬਧੵੰ = ਲਬਧਿਅੰ | ੧੩੬੧ | ੨੧ |
| ੧੩੫੬ | ੨੯ | ਵਸ੍ਯੰ = ਵਸਿਅੰ | — | — |

## ਸਾਰ ਸਿੱਟਾ—

(੧) ਗੁਰਬਾਣੀ ਵਿਚ 'ਯ' ਅਖਰ ਦੀ ਵਰਤੋਂ ਵਿਅੰਜਨ ਦੇ ਤੌਰ ਤੇ ਵੀ ਕੀਤੀ ਮਿਲਦੀ ਹੈ ਅਤੇ ਸੂਰ ਦੇ ਤੌਰ ਤੇ ਵੀ। ਪੂਰੇ ਰੂਪ ਵਿਚ ਵੀ ਮਿਲਦੀ ਹੈ,ਅਰਧ ਰੂਪ ਵਿਚ ਵੀ ਅਤੇ ਪੈਰ-ਚਿੰਨ੍ਹ ਦੇ ਰੂਪ ਵਿਚ ਵੀ।

(੨) ਸੂਰ 'ਯ' ਪੰਜਾਬੀ ਲਿਪੀ ਦੇ ਜਿਨ੍ਹਾਂ ਵਰਤਮਾਨ ਪ੍ਰਮਾਣਿਤ ਸ੍ਵਰ-ਅਖਰਾਂ ਜਾ ਲਗਾਂ ਨਾਲ ਸੰਮਿਲਤ ਅਖਰਾ ਦੀ ਥਾ ਗੁਰਬਾਣੀ ਵਿਚ ਵਰਤਿਆ ਗਿਆ ਹੈ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :—

| | |
|---|---|
| ਯ = ਅ, ਿ+ਅ, ਇਅ, ਇ ( ̂ ). ਈ, ਈਅ | ਯੂ = ਿ + ਊ |
| ਯਾ = ਆ, ਿ+ਆ, ਇਆ, ਈਆ | ਯੇ = ਏ, ਈਏ |
| ਯਿ = ਈਇ | ਯੈ = ਈਐ |
| ਯੀ = ਈਈ | ਯੋ = ਓ, ਇਓ, ਈਓ, ਿ + ਓ |
| ਯੁ = ਈਉ | ਯੌ = ਇਅਉ = ਇਓ |
| = ਿ + ਉ | ਯੰ = ਅੰ, ਿ + ਅੰ, ਇ + ਅੰ |

(੩] ਕਈ ਥਾਵੇਂ ਸਗਵੇਂ ਸ਼ਬਦਾਂ ਜਾਂ ਮਿਲਵੇਂ ਜੁਲਵੇਂ ਸ਼ਬਦਾਂ ਦਾ ਉਚਾਰਣ ਵਖ ਵਖ ਥਾਵਾਂ ਤੇ ਪ੍ਰਸੰਗ ਅਨੁਸਾਰ ਵਖ ਵਖ ਹੈ, ਜਿਵੇਂ :—

| | |
|---|---|
| ਭਯਾ = ਭਇਆ (ਹੋ ਗਿਆ) | ਭਯਾ = ਭਈਆ (ਭਰਾ) |
| ਰਯਨਿ = ਰੈਨਿ | ਰਯਤਿ = ਰਈਅਤਿ |
| ਦਯ = ਦਈ | ਭਯ = ਭੈ |
| ਅਯੋ = ਅਈਓ | ਭਯੋ = ਭਇਓ |



www.AKJ.Org

## ਸ਼ਹੀਦ ਜਗਜੀਤ ਸਿੰਘ ਕਾਨਪੁਰ ਨਮਿਤ ਸ੍ਰੀ ਅਖੰਡਪਾਠ ਤੇ ਕੀਰਤਨ

ਸ਼ਹੀਦ ਦੇ ਵੀਰ ਜਸਬੀਰ ਸਿੰਘ ਖਾਲਸਾ ਇਤਲਾਹ ਦਿੰਦੇ ਹਨ ਕਿ ਸ਼ਹੀਦ ਦੇ ਨਮਿਤ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡਪਾਠ ਦੇ ਭੋਗ ੨ ਸਤੰਬਰ ੧੯੭੯ ਐਤਵਾਰ ਨੂੰ ਸਵੇਰੇ ਪੰਜ ਵਜੇ ਪੈਣਗੇ । ਉਪਰੰਤ ਸਾਢੇ ਦਸ ਵਜੇ ਤਕ ਅਖੰਡ ਕੀਰਤਨ ਹੋਣਗੇ ।

ਦਾਸਰੇ—ਗੁਰਦਿਆਲ ਸਿੰਘ ਸੁਰਿੰਦਰ ਸਿੰਘ
ਨੇੜੇ ਹਿਮਾਚਲ ਸਿਨੇਮਾ, ੧੧੯/੩੭ ਨਸੀਮਾਬਾਦ, ਗੁਮਟੀ ਨੰਬਰ ੫, ਕਾਨਪੁਰ ।

## ਮਾਛੀਵਾੜੇ ਵਿਚ ਕੀਰਤਨ ਰੈਣ ਸਬਾਈ

ਸ: ਗੁਰਬਖਸ਼ ਸਿੰਘ ਜੀ ਦੇ ਗ੍ਰਿਹ ਮਾਛੀਵਾੜੇ ਵਿਖੇ ੧੮ ਅਗਸਤ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਸੰਗਤਾਂ ਕੀਰਤਨ ਧੁੰਨੀਆਂ ਦੇ ਅਨੰਦ ਮਾਣਨ ਲਈ ਹਾਜ਼ਰੀਆਂ ਭਰਨ ।

## ਮੇਰਠ ਵਿਖੇ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨ ਜਥਾ ਦੇ ਉਦਮ ਨਾਲ ਮੇਰਠ ਵਿਖੇ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਹੋ ਰਹੇ ਹਨ—

੨੪ ਅਗਸਤ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਤੇ ਅਖੰਡ ਕੀਰਤਨ — ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ ਸ਼ਹਿਰ
ਸ਼ਾਮ ੭॥ ਤੋਂ ੧੦ ਅਖੰਡ ਕੀਰਤਨ — ਗੁ: ਕਲਗੀਧਰ, ਲਾਲ ਕੁੜਤੀ ਮੇਰਠ
੨੫ ਅਗਸਤ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁ: ਸਤਿਸੰਗ ਸਦਰ ਬਜ਼ਾਰ ਮੇਰਠ
ਰਾਤ ੮ ਵਜੇ ਰੈਣ ਸਬਾਈ ਅਰੰਭ, ਐਤਵਾਰ ਸਵੇਰੇ ਸਮਾਪਤੀ ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ

ਰਿਹਾਇਸ਼ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ ਮੇਰਠ ਸ਼ਹਿਰ ਵਿਖੇ ਹੋਵੇਗੀ ।

ਪੁਛਗਿਛ—ਹਰਮੀਤ ਸਿੰਘ C/o ਗੁਜਰਾਤੀ ਏਜੰਸੀ, ਕੈਂਟ ਹਸਪਤਾਲ ਦੇ ਸਾਹਮਣੇ, ਮੇਰਠ ਛਾਉਣੀ,
ਫ਼ੋਨ ੭੭੧੨੭, ਘਰ ੭੨੯੭੦

## ਨਾਰੰਗਵਾਲ (ਲੁਧਿਆਣਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਨਰੈਣ ਸਿੰਘ ਜੀ ਬੇਨਤੀ ਕਰਦੇ ਹਨ ਕਿ ਗੁਰਦੁਆਰਾ ਅਕਾਲੀ ਬੁੰਗਾ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਖੇ ੧੮ ਅਗਸਤ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਅਖੰਡ ਕੀਰਤਨੀ ਜਥਾ ਚਲਦਾ ਵਹੀਰ ਅੰਮ੍ਰਿਤਸਰ ਦੇ ਸਿੰਘ ਸਿੰਘਣੀਆ ਵੀ ਪੁਜ ਰਹੇ ਹਨ ।

## ਅਖੰਡ ਕੀਰਤਨੀ ਜਥਾ ਯੂ. ਕੇ. ਦੀ ਨਵੀਂ ਕਮੇਟੀ

ਭਾਈ ਗੁਰਨਾਮ ਸਿੰਘ ਜੀ ਚੇਅਰਮੈਨ ਅਖੰਡ ਕੀਰਤਨ ਜਥਾ ਯੂ. ਕੇ. ਇਤਲਾਹ ਦਿੰਦੇ ਹਨ ਕਿ ੨੭.੫.੭੯ ਨੂੰ ਯੂ. ਕੇ. ਅਖੰਡ ਕੀਰਤਨੀ ਜਥੇ ਦੀ ਨਵੀਂ ਚੋਣ ਹੇਠ ਲਿਖੇ ਅਨੁਸਾਰ ਹੋਈ ਹੈ—

**ਭਾਈ** ਰਾਜਿੰਦਰ ਸਿੰਘ ਜੀ, ਆਨਰੇਰੀ ਜਨਰਲ ਸਕੱਤਰ
50, Hellier St, Dudley DYZ-3RF. Tel.0384? 13308

ਭਾਈ ਤ੍ਰਿਲੋਚਨ ਸਿੰਘ ਜੀ, ਕੈਸ਼ੀਅਰ
155, Linwood Road, Handsworth Birmingham

ਭਾਈ ਜੋਗਿੰਦਰ ਸਿੰਘ ਜੀ, ਅਸਿਸਟੈਂਟ ਕੈਸ਼ੀਅਰ,
9-Trafalgar Terrace Smethwick, West Midland. Tel. 021-558-7268

ਭਾਈ ਬਲਬੀਰ ਸਿੰਘ ਜੀ ਅਸਿਸਟੈਂਟ ਜਨਰਲ ਸਕੱਤਰ
50, Raleigh St, Walsall West Midland, Tel 021-558-38444

ਭਾਈ ਓਂਕਾਰ ਸਿੰਘ ਜੀ ਮੈਂਬਰ,
27, Salters Ford Road, Leicester. Tel 0533-764179

## ਬੀਬੀ ਕਿਰਪਾਲ ਕੌਰ ਪਟਿਆਲਾ ਦਾ ਨਵਾਂ ਪਤਾ

ਸੰਗਤਾਂ ਨੋਟ ਕਰਨ ਕਿ ਕੀਰਤਨੀ ਬੀਬੀ ਕਿਰਪਾਲ ਕੌਰ ਪਟਿਆਲੇ ਤੋਂ ਆਪਣੇ ਫ਼ਾਰਮ ਵਿਖੇ ਹੇਠ ਲਿਖੇ ਪਤੇ ਤੇ ਚਲੇ ਗਏ ਹਨ——

ਸੁਪਤਨੀ ਪੁਲਸ ਇਨਸਪੈਕਟਰ ਬਚਨ ਸਿੰਘ ਜੀ
ਮੁਰਾਦ ਮਾਜਰਾ, ਲਿਕ ਰੋਡ, V.P.O ਮਸੀਂਗਨ (ਪਟਿਆਲਾ)

www.AKJ.Org

## ਯੂ.ਕੇ. ਵਿਚ ਸਿਖ ਕਕਾਰਾਂ ਦੀ ਅਜ਼ਾਦੀ ਲਈ ਸੰਘਰਸ਼

ਯੂ. ਕੇ. ਵਿਚ ਸਿਖ ਕਕਾਰਾਂ ਦੀ ਅਜ਼ਾਦੀ ਦੇ ਸੰਘਰਸ਼ ਲਈ ਉਥੋਂ ਦੀਆਂ ਸੰਸਥਾਵਾਂ ਅਖੰਡ ਕੀਰਤਨੀ ਜਥਾ ਯੂ. ਕੇ., ਸ਼੍ਰੋਮਣੀ ਅਕਾਲੀ ਦਲ ਯੂ. ਕੇ. ਅਤੇ ਯੂ. ਕੇ ਭਰ ਦੇ ਸਿਖ ਲੀਡਰਾਂ, ਸਿੰਘ ਸਭਾਵਾਂ ਤੇ ਸਰਬੱਤ ਗੁਰਦੁਆਰਿਆਂ ਦੇ ਪ੍ਰਧਾਨਾਂ ਵਲੋਂ ੩੦. ੬. ੭੯ ਨੂੰ ਵਿਸ਼ੇਸ਼ ਇਕੱਤ੍ਰਤਾ ਵਿਚ ਭਾਈ ਮਦਨ ਸਿੰਘ ਜੀ ਨੂੰ ਐਕਸ਼ਨ ਕਮੇਟੀ ਦਾ ਚੀਫ ਕਨਵੀਨਰ ਨੀਯਤ ਕੀਤਾ ਗਿਆ ਹੈ। ਸਿਖ ਕੌਮ ਦੇ ਇਸ ਗੰਭੀਰ ਮਸਲੇ ਨੂੰ ਹਲ ਕਰਨ ਲਈ ਸਮੂਹ ਸਿਖ ਸੰਗਤਾਂ ਉਹਨਾਂ ਨੂੰ ਮਿਲਵਰਤਣ ਦੇਣ ਤੇ ਗੁਰੂ ਮਹਾਰਾਜ ਦੇ ਚਰਨਾਂ ਵਿਚ ਅਰਦਾਸ ਕਰਨ।

---

## ਅਖੰਡ ਕੀਰਤਨੀ ਜਥਾ —— ਹਿਸਾਬ ਕਿਤਾਬ

### ਸ਼ਹੀਦੀ ਫ਼ੰਡ--ਆਮਦਨ

| | |
|---|---|
| ਡਾ: ਬੇਅੰਤ ਸਿੰਘ ਜੀ ਦਿਲੀ (ਬੱਚੇ ਦੇ ਅਨੰਦ ਕਾਰਜ ਸਮੇਂ) | ੧੦੧-੦ |
| ਡਾ: ਅਮਰ ਸਿੰਘ ਜੀ ਦਿਲੀ (ਬੱਚੀ ਦੇ ਅਨੰਦ ਕਾਰਜ ਸਮੇਂ) | ੧੦੧-੦ |
| ਕੁਸ਼ੱਲਿਆ ਗਿਆਨੀ, ਪਾਨੀਪਤ | ੧੦੦-੦ |
| ਸ: ਘਮੰਡ ਸਿੰਘ S.P.Retd, ਨਾਭਾ | ੧੨੦-੦ |
| ਸ: ਪ੍ਰੇਮ ਸਿੰਘ ਜੀ ਜੰਡਿਆਲਾ ਗੁਰੂ (ਦੇਹ ਅਰੋਗਤਾ ਲਈ) | ੧੦੦-੦ |
| ਸ: ਤੇਜਿੰਦਰ ਸਿੰਘ ਭੋਗਲ, ਵਿੰਡਸਰ ਕੈਨੇਡਾ | ੧੯੪-੫੮ |
| ਸੰਗਤ ਗ੍ਰੇਵਜ਼ੈਂਡ ਯੂ. ਕੇ. (ਰਾਹੀਂ ਸਰਦਾਰਨੀ ਹਰਬਖਸ਼ ਸਿੰਘ ਸਰਾਏ) | ੪੯੫-੬੦ |
| ਡਾ: ਬਲਵੰਤ ਸਿੰਘ ਜੀ ਕਲਕਤਾ | ੭੧-੦ |
| ਸ: ਕਾਬਲ ਸਿੰਘ ਸੋਢੀ ਗ੍ਰੇਵਜ਼ੈਂਡ ਯੂ.ਕੇ. | ੧੪-੮੦ |
| ਅਖੰਡ ਕੀਰਤਨੀ ਜਥਾ ਭੁਪਾਲ | ੧੨੫-੦ |
| ਜੋੜ | ੧੪੨੨-੯੮ |
| ਪਿਛਲੀ ਬਾਕੀ | ੫੬੬੦੦-੨੧ |
| ਕੁਲ ਜੋੜ | ੫੮੦੨੩-੧੯ |
| ਖ਼ਰਚ | ੧੯੮੭੦-੧੫ |
| ਬਾਕੀ | ੩੮੧੫੩-੦੪ |

### ਖ਼ਰਚ

| | |
|---|---|
| ਅਖਬਾਰਾਂ | ੨੨-੦ |
| ਭਾ: ਮਤਾਬ ਸਿੰਘ ਕੈਨੇਡਾ ਤੇ ਭਾਈ ਸਤਆਤਮਾ ਸਿੰਘ ਇਟਲੀ ਨੂੰ ਬੀਮਾਰੀ ਤੇ ਖਾਲੀ ਹੱਥ ਹੋਣ ਤੇ ਵਾਪਸ ਆਪਣੇ ਦੇਸ ਜਾਣ ਲਈ ਕਿਰਾਏ ਲਈ ਰਕਮ ਦਿਤੀ | ੧੩੮੧੬-੦ |
| ਮੁਕੱਦਮੇ ਦੀ ਪੈਰਵੀ ਲਈ | ੧੦੦੦-੦ |
| ਸ਼ਹੀਦ ਫੌਜਾ ਸਿੰਘ ਜੀ ਦੇ ਪਿਤਾ ਭਾ: ਸੁਰੈਣ ਸਿੰਘ ਜੀ ਨੂੰ | ੧੦੦੦-੦ |
| ਸ਼ਹੀਦ ਗੁਰਦਿਆਲ ਸਿੰਘ ਜੀ ਦੀ ਮਾਤਾ, ਗੁਲਾਬ ਕੌਰ ਨੂੰ | ੧੦੦੦-੦ |
| ਸ਼ਹੀਦ ਗੁਰਦਿਆਲ ਸਿੰਘ ਦੀ ਸੁਪਤਨੀ ਜਗੀਰ ਕੌਰ ਨੂੰ ਕੋਠਾ ਛਤਣ ਲਈ | ੩੦੦੦-੦ |
| ਡਾਕ ਖਰਚ | ੩੨-੧੫ |
| ਜੋੜ | ੯੮੭੦-੧੫ |
| ਕੈਸ਼ ਹੋਣ ਵਾਲੇ ਡਰਾਫਟ | ੧੦੦-੦ |
| ਬੰਬੇ ਦਾ ਡਰਾਫਟ | ੭੧੫੧-੦ |

ਅਖੰਡ ਕੀਰਤਨੀ ਜਥਾ ਯੂ. ਕੇ. ਇਕ ਹਜ਼ਾਰ ਪੌਂਡ ਤੇ ਸਾਊਥਹਾਲ ਤੋਂ ਪੰਜਾਹ ਪੌਂਡ

### ਕੇਂਦਰੀ ਫੰਡ—ਆਮਦਨ

| | |
|---|---|
| ਅੰਦਰੂਨ ਸ਼ਹਿਰ ਤੇ ਅਜੀਤ ਨਗਰ | ੨੮੮-੦ |
| ਮਿਸਤ੍ਰੀ ਗੋਪਾਲ ਸਿੰਘ ਇੰਦਰਜੀਤ ਸਿੰਘ | ੧੦੦-੦ |
| ਇਕ ਗੁਪਤ ਪ੍ਰੇਮੀ ਜੀ ਅੰਮ੍ਰਿਤਸਰ | ੨੦੦-੦ |
| | ੫੮੮-੦ |
| ਪਿਛਲੀ ਬਾਕੀ | ੩੬੯੬-੮੬ |
| ਜੋੜ | ੪੨੮੪-੮੬ |
| ਖਰਚ | ੭੨-੩੫ |
| ਬਾਕੀ | ੪੨੧੨-੫੧ |
| ਖਰਚ—ਸਟੇਸ਼ਨਰੀ | ੧੮-੨੦ |
| ਡਾਕ ਖਰਚ | ੫੪-੧੫ |
| | ੭੨-੩੫ |

ਮਿਤੀ ੨੬.੭.੭੯

ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜੱਥਾ, (ਕੇਂਦਰੀ ਦਫਤਰ)
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

www.AKJ.Org

# ਰੰਗ-ਰਤੜੇ ਬਾਊ ਮਲ ਸਿੰਘ ਜੀ

ਅਖੰਡ ਕੀਰਤਨੀ ਜਥੇ ਦੇ ਮਹਾਨ ਸਤਿਕਾਰ ਯੋਗ ਤੇ ਹਰਮਨ-ਪਿਆਰੇ, ਕਰਨੀ ਤੇ ਕਮਾਈ ਦੇ ਉਚੇ ਸੁਚੇ, ਗੁਰਮਤਿ ਦੀਆਂ ਨਜ਼ੀਰਾਂ ਕਾਇਮ ਕਰਨ ਵਾਲੇ ਰੰਗਲੇ ਸਜਣ ਮਾਨਯਵਰ ਬਾਊ ਮਲ ਸਿੰਘ ਜੀ, ਆਪਣੀ ਸੌ ਵਰ੍ਹਾ ਆਯੂ ਭੋਗ ਕੇ ਨਾਮ-ਰੰਗਾਂ ਵਿਚ ਵਿਚਰਦੇ ਹੋਏ, ਗੁਰਬਾਣੀ ਗਾਉਂਦੇ ਤੇ ਜੈਕਾਰੇ ਗਜਾਉਂਦੇ ੨੩ ਜੁਲਾਈ ੧੯੭੯ ਨੂੰ ਸੋਮਾਵਤੀ ਮਸਿਆ ਵਾਲੇ ਦਿਨ ਦੇ ਸਾਢੇ ਯਾਰ੍ਹਾਂ ਵਜੇ ਗੁਰਪੁਰੀ ਪਿਆਨੇ ਕਰ ਗਏ।

ਆਪ ਜੀ ਦਾ ਜੀਵਨ ਅਲੌਕਿਕ ਤੇ ਅਸਚਰਜ ਘਟਨਾਵਾਂ ਨਾਲ ਭਰਪੂਰ ਹੈ। ਆਪ ਦੀ ਪਾਰਸ-ਰਸਾਇਣੀ ਛੁਹ ਨਾਲ ਹਜ਼ਾਰਾਂ ਪ੍ਰਾਣੀਆਂ ਨੂੰ ਗੁਰਮਤਿ ਦੀ ਲਾਗ ਲਗੀ ਅਤੇ ਬੇਅੰਤ ਪ੍ਰਾਣੀ ਆਪ ਦੀਆਂ ਅਰਦਾਸਾਂ ਸਦਕਾ ਗੁਰੂ-ਘਰੋਂ ਵਰੋਸਾਇ ਗਏ। ਅਨੇਕਾਂ ਦੇ ਪਰਮਾਰਥ ਸੁਧਰੇ ਤੇ ਅਨੇਕਾਂ ਦੇ ਸੁਆਰਥ ਪੂਰੇ ਹੋਏ। ਆਪ ਜੀ ਦੀ ਪਿਆਰ-ਗਲਵਕੜੀ ਦੀ ਮਿਲੌਣੀ ਸਭ ਨੂੰ ਮੋਹ ਲੈਂਦੀ ਸੀ। ਆਪ ਜੀ ਦਾ ਚੁੰਬਕੀ ਜੀਵਨ ਸਭ ਨੂੰ ਖਿਚ ਪਾਉਂਦਾ ਸੀ। "ਗੁਰਮਤਿ ਰਿਦੇ ਗਰੀਬੀ ਆਵੈ" ਵਾਕ ਅਨੁਸਾਰ ਅਤਿ ਦੀ ਨਾਮ-ਗਰੀਬੀ ਆਪ ਦੇ ਅੰਦਰ ਵਸਦੀ ਸੀ। ਜਦੋਂ ਕੋਈ ਗੁਰਸਿਖ ਉਨ੍ਹਾਂ ਦੇ ਘਰ ਚਲ ਕੇ ਜਾਂਦਾ ਤਾਂ ਉਸ ਤੋਂ ਵਾਰਨੇ ਬਲਿਹਾਰਨੇ ਹੁੰਦੇ ਅਤੇ ਚਰਨ ਧੋ ਧੋ ਕੇ ਪੀਣ ਤਕ ਜਾਂਦੇ। ਸਤਿਗੁਰੂ ਦਾ ਬਖ਼ਸ਼ਿਆ ਨਾਮ ਉਨ੍ਹਾਂ ਦੇ ਰੋਮ ਰੋਮ ਵਿਚ ਵਸਦਾ ਸੀ। ਉਨ੍ਹਾਂ ਉਪਰ ਸਤਿਗੁਰਾਂ ਦੀ ਪੂਰਨ ਬਖ਼ਸ਼ਸ਼ ਸੀ। "ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ ਜੋ ਹਰਿ ਹਿਰਦੈ ਸਦਾ ਵਸਾਇ ॥" (੬੪੯) ਇਹ ਗੁਰਵਾਕ ਆਪ ਜੀ 'ਤੇ ਇੰਨ ਬਿੰਨ ਘਟਦਾ ਸੀ। ਉਨ੍ਹਾਂ ਵਲੋਂ ਕਰਾਏ ਗਏ ਸਮਾਗਮਾਂ ਸਮੇਂ ਇਹੋ ਹੁਕਮਨਾਮਾ ਕਈ ਵਾਰੀ ਆਉਂਦਾ ਰਿਹਾ। ਉਨ੍ਹਾਂ ਦਾ ਇਹ ਲੋਕ ਵੀ ਸੁਹੇਲਾ ਸੀ ਤੇ ਪਰਲੋਕ ਵੀ। ਜਿਥੇ ਦੁਨਿਆਵੀ ਪਦਾਰਥਾਂ ਵਲੋਂ ਕੋਈ ਘਾਟ ਨਹੀਂ ਸੀ ਉਥੇ ਪ੍ਰਮਾਰਥੀ ਬਖਸ਼ਸ਼ਾਂ ਸਿਖਰਾਂ ਛੁਹੰਦੀਆਂ ਸਨ। ਕਾਮਯਾਬੀ ਸਦਾ ਉਨ੍ਹਾਂ ਦੇ ਪੈਰ ਚੁੰਮਦੀ ਸੀ। ਆਪ ਜੀ ਨਾਮੁਮਕਿਨ ਨੂੰ ਮੁਮਕਿਨ ਬਣਾ ਦਿੰਦੇ ਸਨ। ਭਾਰਤੀ ਬਟਵਾਰੇ ਤੋਂ ਪਹਿਲਾਂ ਉਕਾੜਾ (ਪਾਕਿਸਤਾਨ) ਵਿਚ ਆਪ ਦੀ ਦੋ ਮੁਰੱਬੇ ਜ਼ਮੀਨ ਸੀ।

ਆਪ ਨੇ ਤਕਰੀਬਨ ੬੫-੭੦ ਵਰ੍ਹੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗ ਸਾਥ, ਅਤੇ ਪਿਛੋਂ ਅਖੰਡ ਕੀਰਤਨ ਜਥੇ ਦੀ ਨਿਰਮਾਣ ਤੇ ਅਥੱਕ ਸੇਵਾ ਕੀਤੀ। ਹਜ਼ਾਰਾਂ ਪ੍ਰਾਣੀਆਂ ਨੂੰ ਪੰਚਮ ਦੀ ਜਥੇਦਾਰੀ ਦੀ ਸੇਵਾ ਨਿਭਾਉਂਦਿਆਂ ਹੋਇਆਂ ਅੰਮ੍ਰਿਤ ਪਾਨ ਕਰਵਾਇਆ ਅਤੇ "ਜੀਅ ਦਾਨੁ ਦੇ ਭਗਤੀ ਲਾਇਨਿ" ਦੇ ਵਾਕ ਅਨੁਸਾਰ ਸਤਿਗੁਰਾਂ ਪਾਸੋਂ ਜੀਅਦਾਨ ਦਿਵਾਇਆ। ਪੰਜਾਬ ਦੇ ਕੋਨੇ ਕੋਨੇ ਵਿਚ ਅਤੇ ਭਾਰਤ ਦੇ ਵਡੇ ਵਡੇ ਸ਼ਹਿਰਾਂ ਬੰਬੇ, ਦਿੱਲੀ, ਕਲਕਤਾ, ਕਾਨਪੁਰ, ਬਰੇਲੀ, ਕੋਟਾ, ਆਗਰਾ, ਭੁਪਾਲ, ਪਟਨਾ ਸਾਹਿਬ ਤੋਂ ਇਲਾਵਾ ਪੋਠੋਹਾਰ ਰਾਵਲਪਿੰਡੀ, ਪਿਸ਼ਾਵਰ ਤੇ ਕਸ਼ਮੀਰ ਆਦਿਕ ਥਾਵਾਂ ਤੇ ਪੁਜ ਪੁਜ ਕੇ ਬੇਅੰਤ ਚੜ੍ਹਦੀਆਂ ਕਲਾ ਵਾਲੇ ਅਨੂਠੇ ਅਖੰਡ ਪਾਠ, ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮਾਂ ਵਿਚ ਸਤਿਗੁਰਾਂ ਦੇ ਵਰਤਾਏ ਕਲਾ-ਕ੍ਰਿਸ਼ਮੀ ਕੌਤਕਾਂ ਦੇ ਰੰਗ ਆਪ ਮਾਣਦੇ ਰਹੇ ਅਤੇ ਗੁਰਸਿਖ ਭੌਰਿਆਂ ਨੂੰ ਪ੍ਰੇਰ ਪ੍ਰੇਰ ਕੇ ਅੰਮ੍ਰਿਤ ਰਸ ਭੁੰਚਾਉਂਦੇ ਰਹੇ।

ਕੁਮਾਰਹੱਟੀ ਦੀਆਂ ਪਹਾੜੀ ਚੋਟੀਆਂ ਨੂੰ ਬੜੇ ਭਾਗ ਲਾਏ। ਨਾਮ ਦੀਆਂ ਅਤੁਟ ਅਭਿਆਸ ਕਮਾਈਆਂ ਕੀਤੀਆਂ। ਇਹ ਗੂੰਜਾਂ ਅਜ ਵੀ ਉਥੋਂ ਦੀ ਪਉਣ ਵਿਚ ਗੂੰਜਦੀਆਂ ਹਨ। ਉਥੋਂ ਦੀਆਂ ਸੀਤਲ ਤੇ ਠੰਢੀਆਂ ਮਿਠੀਆਂ ਪਵਣ-ਫੁਹਾਰਾਂ ਅਜ ਵੀ ਅਭਿਆਸੀ ਜਨਾਂ ਨੂੰ ਨਾਮ-ਅਭਿਆਸ-ਖੇੜੇ ਦਾ ਰੁਮਕਾ ਰੁਮਕਾਅ ਦਿੰਦੀਆਂ ਹਨ।

੧੮੭੯ ਈਸਵੀ ਵਿਚ ਪਿੰਡ ਸਰਲੀ ਜ਼ਿਲਾ ਅੰਮ੍ਰਿਤਸਰ ਵਿਖੇ ਪਿਤਾ ਸ: ਕਾਹਨ ਸਿੰਘ ਤੇ ਮਾਤਾ ਗੁਲਾਬ ਕੌਰ ਦੇ ਗ੍ਰਿਹਿ ਵਿਖੇ ਆਪ ਦਾ ਜਨਮ ਹੋਇਆ। ਆਪ ਦੀ ਆਯੂ ਅਠ ਕੁ ਵਰ੍ਹੇ ਦੀ ਸੀ ਕਿ ਪਿਤਾ ਜੀ ਚੜ੍ਹਾਈ ਕਰ ਗਏ। ਆਪਣੇ ਭੈਣਾਂ ਭਰਾਵਾਂ ਵਿਚੋਂ ਆਪ ਸਭ ਤੋਂ ਛੋਟੇ ਸਨ। ਆਪ ਦੀ ਦੋਵੇਂ ਵਡੀਆਂ ਭੈਣਾਂ ਵਿਆਹੀਆਂ ਹੋਈਆਂ ਸਨ। ਆਪ ਦੇ ਤਿੰਨ ਹੋਰ ਵਡੇ ਭਰਾ ਸਨ, ਜਿਨ੍ਹਾਂ ਵਿਚੋਂ ਵਡਾ ਭਰਾ ਸ: ਵਰਿਆਮ ੧੬ ਸਾਲਾਂ ਦੇ ਸਨ। ਘਰ ਦੀ ਸੰਭਾਲ ਕਰਨ ਵਾਲਾ ਮਾਤਾ ਤੋਂ ਸਿਵਾ ਹੋਰ ਕੋਈ ਸਿਆਣਾ ਬੰਦਾ ਨਹੀਂ ਸੀ। ਘਰ ਵਿਚ ਅਤਿ ਦੀ ਗਰੀਬੀ ਵਰਤ ਗਈ। ਆਪ ਦੀ ਮਾਤਾ ਨੇ ਆਪ ਨੂੰ ਪੜ੍ਹਨੇ ਪਾ ਦਿਤਾ। ਆਪ ਜੀ ਬੜੇ ਹੋਣਹਾਰ ਸਨ।

ਆਪ ਤੀਸਰੀ ਜਮਾਤ ਵਿਚ ਪੜ੍ਹਦੇ ਸਨ ਕਿ ਇਨ੍ਹਾਂ ਦੇ ਨਗਰ ਵਿਚ ਗੁਰੂ ਵੰਸ਼ ਵਿਚੋਂ ਬਟਾਲੇ ਤੋਂ ਗੁਰੂ ਕੇ ਹਰ ਸਾਲ ਵਾਂਗ ਕਾਰ-ਭੇਟ ਲੈਣ ਆਏ। ਆਪ ਦੀ ਮਾਤਾ ਨੇ ਆਪ ਨੂੰ ਰੁਪਿਆ ਦੇ ਕੇ ਕਿਹਾ ਕਿ ਜਾਹ ਬੱਚਾ, ਗੁਰੂ ਜਿਨ੍ਹਾਂ

www.AKJ.org

ਨੂੰ ਮੱਥਾ ਟੇਕ ਆ। ਜ਼ਦ ਆਪ ਜੀ ਮੱਥਾ ਟੇਕਣ ਗਏ ਤਾਂ ਅਗੋਂ 'ਗੁਰੂ ਕੇ' ਬਜ਼ੁਰਗ ਉਪਰ ਚਾਦਰ ਲਪੇਟੀ ਝੁਗਲਮਾਟਾ ਕਰ ਕੇ ਬੈਠੇ ਸਨ। ਇਹ ਘਰ ਵਾਪਸ ਆਏ ਤੇ ਮਾਤਾ ਜੀ ਨੂੰ ਪੁਛਿਆ ਕਿ 'ਗੁਰੂ ਕੇ' ਇਸ ਤਰ੍ਹਾਂ ਬੈਠੇ ਕੀ ਕਰਦੇ ਹਨ ? ਮਾਤਾ ਜੀ ਨੇ ਉਤਰ ਦਿਤਾ, ਬੱਚਾ, ਉਹ ਭਜਨ ਕਰਦੇ ਹਨ। ਫਿਰ ਪੁਛਿਆ, ਮਾਤਾ ਜੀ ਭਜਨ ਕੀ ਹੁੰਦਾ ਹੈ ? ਮਾਤਾ ਜੀ ਨੇ ਸਹਿਜ ਭਾ ਵਿਚ ਬੱਚੇ ਨੂੰ ਪਿਆਰ ਨਾਲ ਦਸਿਆ ਕਿ ਗੁਰਬਾਣੀ ਦਾ ਪਾਠ ਕਰਦੇ ਉਹ ਅਨੰਦ ਮਾਣਦੇ ਹਨ ਤੇ ਇਉਂ ਰੱਬ ਦੀ ਭਗਤੀ ਕਰਦੇ ਹਨ। ਬਸ ਇਹ ਗੱਲ ਆਪਦੇ ਮਨ ਵਿਚ ਘਰ ਕਰ ਗਈ ਅਤੇ ਅੰਤਸ਼ਕਰਣ ਦੀ ਤਖ਼ਤੀ ਤੇ ਅਮਿਟ ਲਕੀਰ ਵਾਂਗ ਉਕਰੀ ਗਈ। ਸ਼ੀਘਰ ਹੀ ਆਪ ਨੇ ਸ੍ਰੀ ਅੰਮ੍ਰਿਤਸਰ ਤੋਂ ਜਪੁ ਜੀ ਦਾ ਉਰਦੂ ਵਿਚ ਗੁਟਕਾ ਮੰਗਵਾਇਆ (ਉਦੋਂ ਸਕੂਲਾਂ ਵਿਚ ਉਰਦੂ ਹੀ ਪੜ੍ਹਾਇਆ ਜਾਂਦਾ ਸੀ) ਤੇ ਰੋਜ਼ਾਨਾ ਨੇਮ ਨਾਲ ਮਾਤਾ ਜੀ ਕੋਲ ਬੈਠਕੇ, ਉਨ੍ਹਾਂ ਨੂੰ ਸੁਣਾਕੇ ਬੜੇ ਪਿਆਰ-ਲਗਨ ਨਾਲ ਪਾਠ ਕਰਨਾ। ਆਪ ਜੀ ਦੇ ਪ੍ਰਮਾਰਥ ਜੀਵਨ ਦਾ ਇਹ ਅਰੰਭ ਸੀ।

ਜਦ ਦੂਜੀ ਫੇਰੀ ਸਮੇਂ "ਗੁਰੂ ਕੇ ਬਜ਼ੁਰਗ" ਨਗਰ ਸਰਲੀ ਵਿਚ ਆਏ ਤਾਂ ਇਸ ਬੱਚੇ ਨੂੰ ਹੋਨਹਾਰ ਜਾਤਾ ਅਤੇ ਘਰ ਦੀ ਗਰੀਬੀ ਨੂੰ ਤੱਕ ਕੇ ਅਗਲੀ ਪੜ੍ਹਾਈ ਲਈ ਉਨ੍ਹਾਂ ਪਾਸ ਬਟਾਲੇ ਭੇਜਣ ਲਈ ਕਹਿ ਗਏ। ਆਪ ਇਸ ਵੇਲੇ ਪੰਜਵੀਂ ਜਮਾਤ ਵਿਚ ਚੜ੍ਹੇ ਸਨ। ਆਪ ਦੇ ਵਡੇ ਭਾਈ ਆਪ ਨੂੰ ਬਟਾਲੇ ਛਡਣ ਗਏ ਤੇ ਕਿਹਾ ਕਿ ਇਹ ਗੁਰੂ ਕਿਆਂ ਦਾ ਘਰ ਹੈ, ਸੇਵਾ ਤੋਂ ਮੇਵਾ ਤੇ ਟਹਿਲ ਤੋਂ ਮਹਿਲ ਮਿਲਦਾ ਹੈ, ਸੇਵਾ ਕਰੀਂ।

ਬਟਾਲੇ ਗੁਰੂ ਕਿਆਂ ਪਾਸ ਰਹਿ ਕੇ ਬਾਲ ਅਵਸਥਾ ਵਿਚ ਆਪ ਨੇ ਭਾਂਡੇ ਮਾਂਜਣ ਤੇ ਪਾਣੀ ਢੋਣ ਆਦਿ ਦੀ ਇੰਨੀ ਅਤੁੱਟ ਸੇਵਾ ਕੀਤੀ ਕਿ ਗੁਰੂ ਕਿਆਂ ਦਾ ਪਰਵਾਰ ਇਨ੍ਹਾਂ ਨੂੰ ਆਪਣਾ ਬੱਚਾ ਹੀ ਜਾਨਣ ਲਗ ਪਿਆ। ਘਰ ਦੀ ਸੇਵਾ ਵੀ ਵਧ ਚੜ੍ਹ ਕੇ ਕਰਨੀ ਤੇ ਸਕੂਲ ਦੀ ਪੜ੍ਹਾਈ ਵਿਚ ਆਪਣੀ ਜਮਾਤ ਵਿਚੋਂ ਪਹਿਲੇ ਦੂਜੇ ਨੰਬਰ ਤੇ ਆਉਣਾ।

ਬਟਾਲੇ ਨੌਵੀਂ ਜਮਾਤ ਵਿਚ ਪੜ੍ਹਦੇ ਸਨ ਕਿ ੧੮੯੯ ਈਸਵੀ ਵਿਚ ਕਿਸੇ ਸਨਬੰਧੀ ਦੇ ਰਾਹੀਂ, ਆਪ ਕੋਇਟੇ ਜਾ ਕੇ ੩੬ ਨੰਬਰ ਰਸਾਲੇ ਵਿਚ ਭਰਤੀ ਹੋ ਗਏ। ਉਨ੍ਹੀਂ ਦਿਨੀਂ ਰਸਾਲੇ ਦੇ ਜਵਾਨਾਂ ਦੀ ਬੜੀ ਕਦਰ ਤੇ ਸ਼ਾਨ ਹੁੰਦੀ ਸੀ। ਨਿਤਨੇਮ ਦੀਆਂ ਬਾਣੀਆਂ ਦੇ ਆਪ ਪੱਕੇ ਨੇਮੀ ਪ੍ਰੇਮੀ ਬਣ ਚੁਕੇ ਸਨ ਤੇ ਆਪਣੀ ਸਰਕਾਰੀ ਨੌਕਰੀ ਵੀ ਪੂਰੀ ਲਗਨ ਤੇ ਦਿਆਨਤਦਾਰੀ ਨਾਲ ਨਿਭਾਉਂਦੇ ਸਨ। ਜਿਸ ਕਰ ਕੇ ਆਪ ਦਾ ਰਸਾਲੇ ਵਿਚ ਬੜਾ ਸਤਿਕਾਰ ਬਣ ਗਿਆ। ਓਦੋਂ ਅੰਗਰੇਜ਼ੀ ਪੜ੍ਹੇ ਹੋਏ ਕੋਈ ਟਾਵੇਂ ਹੀ ਹੁੰਦੇ ਸਨ ਤੇ ਅੰਗਰੇਜ਼ੀ ਪੜ੍ਹੇ ਹੋਣ ਕਰਕੇ ਹੀ ਰਸਾਲੇ ਵਿਚ ਹੈਡ ਕਲਰਕ ਤਕ ਪਹੁੰਚ ਗਏ ਸਨ। ਇਸੇ ਕਾਰਨ ਇਹ ਅਜ ਤਾਈਂ "ਬਾਊ ਜੀ" ਦੇ ਲਕਬ ਨਾਲ ਪੁਕਾਰੇ ਜਾਂਦੇ ਹਨ।

੧੯੧੦ ਵਿਚ ਆਪ ਦਾ ਰਸਾਲਾ ਕੋਇਟੇ ਤੋਂ ਅੰਬਾਲੇ ਛਾਉਣੀ ਆ ਗਿਆ। ਉਥੇ ਬਹੁਤ ਸਾਰੀਆਂ ਫ਼ੌਜੀ ਰਜਮੈਂਟਾਂ ਸਨ। ਇਥੇ ਰਸਾਲਾ ਨੰਬਰ ੮ ਵਿਚ ਇਕ ਐਜੂਕੇਸ਼ਨ ਅਫ਼ਸਰ ਪਿਆਰਾ ਸਿੰਘ ਜੀ ਗੂੜ੍ਹੀ ਪ੍ਰਮਾ-ਰਥੀ ਲਗਨ ਵਾਲੇ ਨਾਮ ਅਭਿਆਸੀ ਸਜਨ ਸਨ, ਜੋ ਬਾਅਦ ਵਿਚ ਕਰਨਲ ਪਿਆਰਾ ਸਿੰਘ ਦੇ ਨਾਂ ਨਾਲ ਜਥੇ ਵਿਚ ਪਰਸਿਧ ਹੋਏ। ਇਨ੍ਹਾਂ ਦਾ ੩੬ ਨੰਬਰ ਰਸਾਲੇ ਵਿਚ ਸਿੰਘਾਂ ਨਾਲ ਮੇਲ ਮਿਲਾਪ ਤੇ ਆਉਣ ਜਾਣ ਹੋ ਗਿਆ। ਇਕ ਦਿਨ ਸਰਦਾਰ ਪਿਆਰਾ ਸਿੰਘ ਜੀ ਬਾਰਸ਼ ਸਮੇਂ ੩੬ ਨੰਬਰ ਰਸਾਲੇ ਦੇ ਗੁਰਦੁਆਰੇ ਵਿਚ ਆ ਕੇ ਬੈਠ ਗਏ ਤੇ ਬਾਊ ਜੀ ਨੂੰ ਘਰੋਂ ਸਦ ਭੇਜਿਆ। ਜਦ ਬਾਊ ਜੀ ਗੁਰਦੁਆਰੇ ਪੁਜੇ ਤਾਂ ਪਿਆਰਾ ਸਿੰਘ ਜੀ ਨੇ ਹਾਰਮੋਨੀਅਮ ਨਾਲ ਇਹ ਸ਼ਬਦ ਬੜੇ ਬੈਰਾਗ ਵਿਚ ਅਲਾਪਿਆ– ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ॥ (੮੫੮)

ਇਸ ਸ਼ਬਦ ਦਾ ਬਾਊ ਜੀ ਦੇ ਹਿਰਦੇ ਤੇ ਇੰਨਾ ਵੈਰਾਗਮਈ ਅਸਰ ਹੋਇਆ ਕਿ ਅੰਦਰ ਧਸ ਗਿਆ। ਸ਼ਬਦ ਦਾ ਭੋਗ ਪਾ ਕੇ ਪੁਛਣ ਲਗੇ ਕਿ ਤੁਹਾਨੂੰ ਪਤੇ ਮੈਂ ਕਿਉਂ ਤੁਹਾਡੇ ਪਿਛੇ ਫਿਰਦਾ ਹਾਂ ? ਇਨ੍ਹਾਂ ਕਿਹਾ, ਮੈਨੂੰ ਹੋਰ ਤਾਂ ਕੁਝ ਪਤਾ ਨਹੀਂ, ਪਰ ਜੋ ਕਹੋ ਮੈਨੂੰ ਮਨਜ਼ੂਰ ਹੈ। ਜੇ ਆਖੋ ਤਾਂ ਮੈਂ ਖੂਹ ਵਿਚ ਛਾਲ ਮਾਰਨ ਨੂੰ ਤਿਆਰ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਸਤਿਗੁਰੂ ਦਾ ਹੁਕਮ ਹੋਇਆ ਹੈ ਕਿ ਮੈਂ ਤੈਨੂੰ ਨਾਮ ਜਪਾਵਾਂ। ਉਨ੍ਹਾਂ ਦੇ ਨਾਮ-ਚਾਟ ਲਾਉਣ ਦੀ ਦੇਰ ਹੀ ਸੀ ਕਿ ਪਹਿਲੀ ਬੈਠਕ ਵਿਚ ਹੀ ਆਪ ਦੀ ਸੁਰਤੀ ਬਿਰਤੀ ਅਕਾਸ਼ੀਂ ਚੜ੍ਹ ਗਈ। "ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ" ਵਾਲੀਆਂ ਸਦੀਵੀ ਪਕੀਆਂ ਗੰਢਾਂ ਪੈ ਗਈਆਂ।

ਉਸ ਤੋਂ ਕੁਝ ਦਿਨ ਪਿਛੋਂ ਸ: ਪਿਆਰਾ ਸਿੰਘ ਨੇ ਬੇਨਤੀ ਕੀਤੀ, ਵੀਰ ਜੀ, ਹੁਣ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕੋ ਤਾਂ ਗੁਰਮਤਿ ਨਾਮ-ਅਭਿਆਸ ਕਮਾਈ ਦਾ ਪੱਕਾ ਗੁਰਮਤਿ-ਗਾਡੀ-ਰਾਹ ਹਥਿ ਆਵੇਗਾ। ਸੋ ਦੇਰ ਕਾਹਦੀ ਸੀ, ਤਿਆਰੇ ਹੋ ਗਏ। ਸ: ਪਿਆਰਾ ਸਿੰਘ ਦੇ ਨਾਲ ਜਾ ਕੇ ਉਨ੍ਹਾਂ ਦੇ ਪਿੰਡ ਮਹਿਲੋਵਾਲ ਜ਼ਿਲਾ ਸਿਆਲਕੋਟ ਵਿਖੇ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਲਿਆ।

ਬਾਊ ਜੀ ਦੇ ਨਾਮ-ਅਭਿਆਸ ਦੇ ਤੋਰੇ ਅਜਿਹੇ ਤੁਰੇ ਕਿ ਅਨਿਕ ਤਰੰਗੀ ਨਾਮ ਅਭਿਆਸ ਜਾਰੀ ਹੋ ਗਿਆ। ਦੋਨੋਂ ਅਭਿਆਸੀ ਸਜਣ ਇਕਾਂਤ ਵਿਚ ਇਕੱਠੇ ਬੈਠ ਕੇ ਨਾਮ-ਅਭਿਆਸ ਸਤਿਸੰਗ ਕਰਦੇ। ਥੋੜੇ ਸਮੇਂ ਵਿਚ ਹੀ

www.AKJ.Org

ਰੰਗ-ਰਤੜੀ ਦਸ਼ਾ ਵਿਆਪ ਗਈ । ਬਾਊ ਜੀ ਆਪਣੀ ਜ਼ਬਾਨੀ ਦਸਿਆ ਕਰਦੇ ਸਨ ਕਿ ਅਭਿਆਸ ਕਰਦਿਆਂ ਕਰਦਿਆਂ ਇਕ ਦਿਨ ਅਜਿਹੀ ਦਸ਼ਾ ਵਾਪਰੀ ਕਿ ਮੇਰੀ ਰੀੜ੍ਹ ਦੀ ਹੱਡੀ ਹਿਲਣ ਲਗ ਪਈ ਤੇ ਨਾਲ ਹੀ ਸਾਰੀਆਂ ਅੰਤੜੀਆਂ ਤੜਫਣ ਲਗ ਪਈਆਂ । ਜਦ ਮੈਂ ਇਹ ਅਸਚਰਜ ਕੌਤਕ ਪਿਆਰਾ ਸਿੰਘ ਜੀ ਨੂੰ ਦਸਿਆ ਤਾਂ ਉਹ ਹੈਰਾਨੀ ਵਿਚ ਕਹਿਣ ਲਗੇ ਕਿ ਹੈਂ !! ਬਸ ਹੁਣ ਤੂੰ ਮੇਰੇ ਕੋਲ ਨਾ ਆਇਆ ਕਰ, ਸਗੋਂ ਮੈਂ ਤੇਰੇ ਪਾਸ ਚਲ ਕੇ ਆਇਆ ਕਰਾਂਗਾ, ਤੂੰ ਹੁਣ ਮੈਥੋਂ ਅਗਾਂਹ ਹੈਂ ।

ਇਨ੍ਹਾਂ ਦਿਨਾਂ ਵਿਚ ਪੰਚ ਖਾਲਸਾ ਦੀਵਾਨ ਭਸੌੜ ਗੁਰਸਿਖੀ ਦਾ ਕੇਂਦਰ ਬਣਿਆ ਹੋਇਆ ਸੀ ਤੇ ਉਥੇ ਪੰਥਕ ਦੀਵਾਨ ਸਜਦੇ ਰਹਿੰਦੇ ਸਨ । ਇਕ ਸਮਾਗਮ ਸਮੇਂ ਸ੍ਰੀ ਬਾਊ ਜੀ, ਸਿੰਘਣੀ ਤੇ ਬੱਚਿਆਂ ਨੂੰ ਨਾਲ ਲੈ ਕੇ ਅੰਮ੍ਰਿਤ ਪਾਨ ਕਰਾਉਣ ਲਈ ਉਥੇ ਪੁਜੇ । ਜਿਸ ਕਮਰੇ ਵਿਚ ਬਾਊ ਜੀ ਠਹਿਰੇ ਹੋਏ ਸਨ ਉਸੇ ਕਮਰੇ ਦੀ ਦੂਸਰੀ ਨੁਕਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਠਹਿਰੇ ਹੋਏ ਸਨ । ਰੋਜ਼ ਦੇ ਨਿਯਮ ਅਨੁਸਾਰ ਸ੍ਰੀ ਬਾਊ ਜੀ ਅੰਮ੍ਰਿਤ ਵੇਲੇ ਉਠ ਕੇ ਸੋਚ ਇਸ਼ਨਾਨ ਪਿਛੋਂ ਕਮਰੇ ਦੀ ਨੁਕਰ ਵਿਚ ਬੈਠ ਕੇ ਨਾਮ-ਅਭਿਆਸ ਵਿਚ ਜੁਟ ਗਏ । "ਪੂਰਬ ਜਨਮ ਕੇ ਮਿਲੇ ਸੰਜੋਗੀ" ਦੇ ਭਾਵ ਅਨੁਸਾਰ ਪਿਛੋਂ ਦੇ ਮਲਕੜੇ ਜਿਹੇ ਆ ਕੇ ਭਾਈ ਸਾਹਿਬ ਜੀ ਨੇ ਬਾਊ ਜੀ ਨੂੰ ਜਫੀ ਪਾ ਲਈ ਤੇ ਕਹਿਣ ਲਗੇ, "ਤੂੰ ਹੁਣ ਤਕ ਕਿਥੇ ਲੁਕਿਆ ਰਿਹਾ ਹੈਂ ? ਸਾਨੂੰ ਤੇਰੇ ਜਿਹਾ ਕੋਈ ਲਭਾ ਨਹੀਂ । ਤੂੰ ਸਾਡੇ ਨਾਲ ਹੀ ਚਲ ।" ਭਾਈ ਸਾਹਿਬ ਜੀ ਨਾਲ ਬਾਊ ਜੀ ਦਾ ਇਹ ਪਹਿਲਾ ਮੇਲ ਸੀ । ਇਹ ਅਜਿਹਾ ਮੇਲ ਸੀ ਜੋ ਅੰਤ ਸੁਆਸਾਂ ਤਕ ਮਿਲੇ ਹੀ ਰਹੇ ਅਤੇ ਅਗਲੀ ਦਰਗਾਹ ਵਿਚ ਵੀ ਇਹ ਮੇਲ ਅਵੱਸ਼ ਕਾਇਮ ਰਹੇਗਾ ।

ਬਾਊ ਜੀ ਦਾ ਸਦਕਾ ਭਾਈ ਸਾਹਿਬ ਜੀ ਦੀਆਂ ਅੰਬਾਲੇ ਛਾਉਣੀ ਵਿਚ ਪ੍ਰੇਮ-ਫੇਰੀਆਂ ਅਰੰਭ ਹੋ ਗਈਆਂ । ਇਥੇ ਬੜੇ ਅਖੰਡ ਪਾਠ ਤੇ ਅਸਚਰਜ ਕੀਰਤਨ-ਸਮਾਗਮ ਹੁੰਦੇ ਰਹੇ ਅਤੇ ਬੜੇ ਕਲਾ-ਕ੍ਰਿਸ਼ਮੀ ਕੌਤਕ ਵਰਤਦੇ ਰਹੇ, ਜਿਨ੍ਹਾਂ ਦੀ ਬੜੀ ਵਚਿਤਰ ਕਹਾਣੀ ਹੈ । ਇਥੇ ਹੀ ਸ੍ਰੀ ਬਾਊ ਜੀ ਦੀ ਸੁਰਤੀ ਵਿਸਮਾਦੀ ਰੰਗਾਂ ਵਿਚ ਮਸਤੂਲ ਮਸਤ ਹੋ ਕੇ ਉਚ-ਮੰਡਲਾਂ ਵਿਚ ਜਾ ਟਿਕੀ ਤੇ ਬਾਹਰ ਦੀ ਸੁਧ ਬੁਧ ਨਾ ਰਹੀ । ਇਸ ਦਸ਼ਾ ਵਿਚ ਉਹ ਪ੍ਰੇਡ ਵਿਚ ਹਾਜ਼ਰ ਨਾ ਹੋ ਸਕੇ । ਅਗਲੇ ਦਿਨ ਅੰਮ੍ਰਿਤ ਵੇਲੇ ਜਦ ਸਾਵਧਾਨਤਾ ਹੋਈ ਤਾਂ ਨੌਕਰੀ ਦਾ ਖ਼ਿਆਲ ਆਇਆ । ਉਧਰ ਅਫ਼ਸਰਾਂ ਨੇ ਬਾਊ ਜੀ ਨੂੰ ਕੁਆਟਰ ਵਿਚ ਹੀ open arrest (ਨਜ਼ਰਬੰਦ) ਕਰ ਦਿਤਾ । ਭਾਈ ਸਾਹਿਬ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਸਾਰੇ ਸਿੰਘਾਂ ਨਾਲ ਮਿਲ ਕੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ, ਬਾਊ ਜੀ ਲਈ ਨਿਮਰੀਭੂਤ ਹੋ ਕੇ ਅਰਦਾਸ ਕੀਤੀ । ਜਦ ਬਾਊ ਜੀ ਦੀ ਅੰਗਰੇਜ਼ ਕਰਨਲ ਦੇ ਪੇਸ਼ੀ ਹੋਈ ਤਾਂ ਸਭ ਦਾ ਖ਼ਿਆਲ ਸੀ ਕਿ ਕਰਨਲ ਇਸ ਨੂੰ ਸਖਤ ਸਜ਼ਾ ਦੇਵੇਗਾ ਤੇ ਹੌਲਦਾਰੀ ਫੀਤੀਆਂ ਉਤਾਰ ਲਏਗਾ । ਪੇਸ਼ੀ ਸਮੇਂ ਐਜੂਟੈਂਟ ਨੇ ਸ਼ਿਕਾਇਤ ਕੀਤੀ, "ਇਹ ਹਰ ਸ਼ਨੀਵਾਰ ਸ਼ਾਮ ਨੂੰ (ਨਾਰੰਗਵਾਲ) ਛੁਟੀ ਜਾਂਦਾ ਹੈ ਅਤੇ ਸੋਮਵਾਰ ਨੂੰ ਸਵੇਰੇ ਵਾਪਸ ਮੁੜਦਾ ਹੈ ।" ਕੰਪਨੀ-ਸੂਬੇਦਾਰ ਨੇ ਭੀ ਸ਼ਿਕਾਇਤ ਕੀਤੀ, "ਇਹ ਕਦੇ ਠੀਕ ਵਕਤ ਤੇ ਪਰੇਡ ਵਿਚ ਹਾਜ਼ਰ ਨਹੀਂ ਹੋਇਆ ।"

ਪਤਾ ਨਹੀਂ ਸਤਿਗੁਰੂ ਨੇ ਕੀ ਕਲਾ ਵਰਤਾਈ ਕਿ ਕਰਨਲ ਬਾਊ ਜੀ ਨੂੰ ਕਹਿਣ ਲਗਾ, "ਮਲ ਸਿੰਘ ! ਤੂੰ ਫ਼ਕੀਰ ਹੋ ਗਿਆ ਹੈਂ ?" ਬਾਊ ਜੀ ਨੇ ਉਤਰ ਦਿਤਾ, "ਨਹੀਂ, ਮੈਂ ਲਾਈਨ ਵਿਚ ਹੀ ਹਾਜ਼ਰ ਸਾਂ ।" ਕਰਨਲ ਨੇ ਕਿਹਾ, "ਜਾਹ ਫਿਰ ਨਾ ਐਸਾ ਕਰੀਂ ।" ਸਾਰੇ ਰਸਾਲੇ ਵਾਲੇ ਛੋਟੇ ਵਡੇ ਇਹ ਮੁਅਜਜ਼ਾ ਵੇਖ ਕੇ ਦੰਗ ਰਹਿ ਗਏ ।

ਇਸ ਤਰ੍ਹਾਂ ਦੇ ਹੋਰ ਕਈ ਕੌਤਕ ਇਥੇ ਵਰਤਦੇ ਰਹੇ । ਵਿਸਥਾਰ ਦੇ ਡਰ ਤੋਂ ਇਥੇ ਸ਼ਾਰਿਆਂ ਦਾ ਵਰਨਣ ਕਰਨਾ ਔਖਾ ਹੈ । ਇਹ ਸਭ ਕੁਝ ਵਖਰੀ ਪੁਸਤਕ ਵਿਚ ਅੰਕਤ ਕੀਤਾ ਜਾਏਗਾ ।

੧੯੨੨ ਵਿਚ ਪੈਨਸ਼ਨ ਆਉਣ ਦੀ ਇਕ ਅਜਬ ਵਿਥਿਆ ਹੈ । ਪੈਨਸ਼ਨ ਦੇ ਨਾਲ ਆਪ ਜੀ ਨੂੰ ਉਕਾੜੇ (ਪਾਕਿਸਤਾਨ) ਵਿਖੇ ਇਕ ਮੁਰੱਬਾ ਜ਼ਮੀਨ, ਚੰਗੀ ਸਰਵਿਸ ਬਦਲੇ ਇਨਾਮ ਵਜੋਂ ਮਿਲਿਆ । ਉਥੇ ਹੀ ਇਕ ਮੁਰੱਬਾ ਹੋਰ, ਇਕ ਸਜਣ ਤੇ ਸਤ ਹਜ਼ਾਰ ਰੁਪਏ ਵਿਚ ਮਲੋ ਜ਼ੋਰੀ ਇਨ੍ਹਾਂ ਨੂੰ ਦੇ ਦਿਤਾ । ਭਾਈ ਸਾਹਿਬ ਰਣਧੀਰ ਸਿੰਘ ਜੀ ਸਰਕਾਰ ਤੋਂ ਬਾਗੀ ਕਰਾਰ ਦਿਤੇ ਜਾਣ ਕਰਕੇ ਉਮਰ-ਕੈਦ ਸਨ ਤੇ ਬਾਊ ਜੀ ਦੀ ਭਾਈ ਸਾਹਿਬ ਨਾਲ ਗੂੜ੍ਹੀ ਮਿਤਰਤਾ ਹੋਣ ਕਰਕੇ ਸੀ. ਆਈ. ਡੀ. ਬਾਊ ਜੀ ਦੀ ਨਿਗਰਾਨੀ ਰਖਦੀ ਰਹੀ । ਪਰ ਆਪ ਜੀ ਅਨੇਕਾਂ ਫਸਤਿਆਂ ਤੇ ਪ੍ਰੀਖਿਆਵਾਂ ਵਿਚੋਂ ਕਵਲ-ਜਲ ਵਤ ਨਿਰਲੇਪ ਹੀ ਮਹਿਫ਼ੂਜ਼ ਵਿਚਰਦੇ ਰਹੇ, ਕੋਈ ਦੂਤ ਵੀ ਵਾਲ ਵਿੰਗਾ ਨਾ ਕਰ ਸਕਿਆ ।

੧੯੩੩ ਦੇ ਲਾਗੇ ਚਾਗੇ ਆਪ ਆਪਣੇ ਇਲਾਕੇ ਗੰਜੀ ਬਾਰ ਵਿਚੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਬਿਲਾ-ਮੁਕਾਬਲਾ ਮੈਂਬਰ ਚੁਣੇ ਗਏ । ਪਰ ਵਡਿਆਈ ਵਾਲੀ ਗੱਲ ਇਹ ਹੈ ਕਿ ਇਸ ਮੈਂਬਰੀ ਦੇ ਦੌਰਾਨ ਕਦੇ ਵੀ ਕੋਈ ਸਫ਼ਰ-ਖ਼ਰਚ ਜਾਂ ਕੋਈ ਹੋਰ ਭਤਾ ਆਦਿ ਸ਼੍ਰੋਮਣੀ ਕਮੇਟੀ ਪਾਸੋਂ ਸਵੀਕਾਰ ਨਹੀਂ ਕੀਤਾ, ਸਗੋਂ ਆਪਣੇ ਦਸਵੰਧ

www.AKJ.Org

ਵਿਚ ਸੇਵਾ ਕਰਦੇ ਰਹੇ। ਭਾਈ ਸਾਹਿਬ ਦੀ ਜੇਲ੍ਹ-ਯਾਤਰਾ ਸਮੇਂ ਜਿਥੇ ਆਪ ਜੀ ਨੇ [illegible] ਦੇ ਪ੍ਰੋਗਰਾਮਾਂ ਨੂੰ ਚੜ੍ਹਦੀਆਂ ਕਲਾ ਵਿਚ ਨਿਭਾਇਆ ਉਥੇ ਭਾਈ ਸਾਹਿਬ ਦੇ ਪਰਵਾਰ ਦੀ ਪਾਲਣ ਪੋਸਣ ਤੇ ਬੱਚਿਆਂ ਦੀ ਪੜ੍ਹਾਈ ਆਦਿ ਦੇ ਖ਼ਰਚ ਪੂਰੇ ਕਰਨ ਦੀ ਸੇਵਾ ਨਿਭਾਂਦੇ ਰਹੇ। ਇਥੋਂ ਤਕ ਕਿ ਭਾਈ ਸਾਹਿਬ ਦੇ ਰਿਹਾ ਹੋ ਕੇ ਆਉਣ ਤੋਂ ਪਿਛੋਂ ਵੀ ਪਰਵਾਰ ਦੀ ਦੇਖ-ਰੇਖ ਤੇ ਬੱਚਿਆਂ ਦੀਆਂ ਵਿਆਹ-ਸ਼ਾਦੀਆਂ, ਭਾਈ ਸਾਹਿਬ ਦੇ ਸਪੁਤਰ ਸ: ਬਲਬੀਰ ਸਿੰਘ ਨੂੰ ਨੌਕਰੀ ਦਿਵਾਉਣ ਆਦਿ ਦੀਆਂ ਜ਼ਿੰਮੇਵਾਰੀਆਂ ਵੀ ਆਪ ਜੀ ਨੇ ਹੀ ਨਿਭਾਈਆਂ।

ਜੇਲ੍ਹ ਯਾਤਰਾ ਦੀ ਰਿਹਾਈ ਪਿਛੋਂ ਜਦੋਂ ਭਾਈ ਸਾਹਿਬ ਨੂੰ ਸ੍ਰੀ ਬਾਊ ਜੀ ਨਾਰੰਗਵਾਲ ਮਿਲਣ ਗਏ ਤਾਂ ਵਰ੍ਹਿਆਂ ਦੇ ਵਿਛੁੰਨੇ ਮੇਲੀਆਂ ਦੇ ਮਿਲਾਪ ਦਾ ਵੈਰਾਗ-ਮਈ ਦ੍ਰਿਸ਼ ਅਤੀ ਅਨੂਪਮ ਸੀ, ਜਿਸ ਦਾ ਵਰਨਣ ਕਰਨਾ ਇਸ ਛੋਟੇ ਜਿਹੇ ਲੇਖ ਵਿਚ ਮੁਸ਼ਕਲ ਹੈ। ਇਸ ਤਰ੍ਹਾਂ ਦੇ ਹੋਰ ਕਈ ਬ੍ਰਿਤਾਂਤ ਸੂਬੇਦਾਰ ਹਰਿਬਚਨ ਸਿੰਘ ਦਾ ਸੰਜੋਗੀ ਲਧਾ ਮੇਲ, ਘੋੜੀ ਦੇ ਦੁਲੱਤਾ ਮਾਰਨ ਨਾਲ ਖੋਪਰੀ ਦਾ ਹਿਲ ਜਾਣਾ ਆਦਿ ਇਥੇ ਨਹੀਂ ਦਿਤੇ ਜਾ ਸਕੇ।

੧੯੪੭ ਦੇ ਪੰਜਾਬ ਦੇ ਬਟਵਾਰੇ ਪਿਛੋਂ ਬਾਊ ਜੀ ਸ੍ਰੀ ਤਰਨ ਤਾਰਨ ਸਾਹਿਬ ਵਿਖੇ ਆ ਵਸੇ। ਪਿਛਲੀ ਜ਼ਮੀਨ ਦੇ ਬਦਲੇ ਇਥੇ ਸ਼ਹਿਰ ਦੀਆਂ ਕੰਧਾਂ ਨਾਲ ਹੀ ਬੜੀ ਉਪਜਾਊ ਤੇ ਕੀਮਤੀ ਜ਼ਮੀਨ ਨਿਰਯਤਨ ਹੀ ਅਲਾਟ ਹੋ ਗਈ। ਇਸ ਜ਼ਮੀਨ ਦੀ ਆਮਦਨ ਵਿਚੋਂ ਬਾਊ ਜੀ ਨੇ ਇਕ ਨਵਾ ਤੋਰਾ ਤੋਰਿਆ ਅਤੇ ਸ੍ਰੀ ਗੋਇੰਦਵਾਲ ਸਾਹਿਬ, ਤਰਨ ਤਾਰਨ ਸਾਹਿਬ ਤੇ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ, ਆਪਣੀ ਸਿੰਘਣੀ (ਮਾਤਾ ਨਿਹਾਲ ਕੌਰ) ਅਤੇ ਆਪਣੇ ਮਾਤਾ ਪਿਤਾ ਦੇ ਨਮਿਤ, ਵਡੀਆਂ ਰਕਮਾਂ ਜਮ੍ਹਾ ਕਰਵਾਈਆਂ, ਜਿਨ੍ਹਾਂ ਦੇ ਸੂਦ ਤੋਂ ਸਦੀਵਕਾਲ ਸਾਲਾਨਾ ਸ੍ਰੀ ਅਖੰਡ ਪਾਠ ਹੁੰਦੇ ਰਹਿਣਗੇ। ਸ੍ਰੀ ਤਰਨ ਤਾਰਨ ਦੇ ਵਸੇਬੇ ਸਮੇਂ ਮਾਤਾ ਨਿਹਾਲ ਕੌਰ ਸੁਪਤਨੀ ਸ੍ਰੀ ਬਾਊ ਜੀ ਦੇ ਅਕਾਲ ਚਲਾਣੇ ਦੇ ਸਮੇਂ ਦਾ ਕੌਤਕ ਵੀ ਬੜਾ ਅਸਚਰਜ ਸੀ।

ਆਪ ਦੀ ਨਿਸ਼ਕਾਮ ਪੰਥਕ ਸੇਵਾ ਅਤੇ ਉਚੇ ਸੁਚੇ ਗੁਰਸਿਖੀ ਜੀਵਨ ਦੇ ਸਦਕਾ, ਆਪ ਜੀ ਨੂੰ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੀ ਪ੍ਰੇਰਨਾ ਨਾਲ, ਸ੍ਰੀ ਅਕਾਲ ਤਖਤ ਸਾਹਿਬ ਦੀ ਹਜ਼ੂਰੀ ਵਿਚ 16-9-74 ਨੂੰ ਸਨਮਾਨ ਪੱਤਰ ਤੇ ਸਿਰੋਪਾਉ ਨਾਲ ਸਨਮਾਨਿਆ ਗਿਆ ਤੇ ਹੋਰ ਤਖਤ ਸਾਹਿਬਾਨ ਦੇ ਮੁਖੀਆਂ ਨੇ ਭੀ ਸ੍ਰੀ ਅਕਾਲ ਤਖਤ ਸਾਹਿਬ ਪੁਜ ਕੇ ਸਿਰੋਪਾਉ ਬਖਸ਼ਸ਼ ਕੀਤੇ।

ਸਮਾਂ ਲੰਘਦਾ ਲੰਘਦਾ ਕਈ ਰੰਗ ਵਰਤਾਉਂਦਾ ਜੁਲਾਈ ੧੯੭੯ ਦਾ ਸਮਾਂ ਆ ਗਿਆ। ਤਿੰਨ ਜੁਲਾਈ ਨੂੰ ਆਪ ਜੀ ਨੂੰ ਅਚਨਚੇਤ ਹੀ ਬੁਖਾਰ ਹੋ ਗਿਆ, ਜੋ ਘਟਦਾ ਵਧਦਾ ਰਿਹਾ। ੧੫ ਤਰੀਕ ਨੂੰ ਪਿਸ਼ਾਬ ਰੁਕਣ ਦੀ ਕੁਝ ਖੇਚਲ ਹੋਣ ਕਰਕੇ ਪਰਵਾਰ ਦੇ ਜੀਆਂ ਨੇ ਸ੍ਰੀ ਅੰਮ੍ਰਿਤਸਰ ਹਸਪਤਾਲ ਦੀ ਸਪੈਸ਼ਲ ਵਾਰਡ ਵਿਚ ਲੈ ਆਂਦਾ। ਡਾਕਟਰੀ ਸਹਾਇਤਾ ਨਾਲ ਪਿਸ਼ਾਬ ਵੀ ਠੀਕ ਚਲ ਪਿਆ ਤੇ ਬੁਖ਼ਾਰ ਵੀ ਉਤਰ ਗਿਆ। ਪਰਵਾਰ ਦੇ ਜੀਆਂ ਨੇ ਖ਼ੂਬ ਸੇਵਾ-ਸੰਭਾਲ ਕੀਤੀ। ਸਿਖ-ਸੰਗਤਾਂ ਭੀ ਗੁਰਬਾਣੀ ਦੇ ਪਾਠ ਤੇ ਦੇਖ ਭਾਲ ਕਰਦੀਆਂ ਰਹੀਆਂ।

ਇਨ੍ਹਾਂ ਦਿਨਾਂ ਵਿਚ ਆਪ ਜੀ ਬਿਲਕੁਲ ਅੰਤਰ-ਮੁਖੀ ਹੋ ਗਏ ਸਨ, ਬਾਹਰ-ਮੁਖੀ ਕੋਈ ਬਚਨ ਬਿਲਾਸ ਜਾਂ ਇਧਰ ਉਧਰ ਦੀ ਝਾਕ ਨਹੀਂ ਸੀ। ਸਗੋਂ ਮੂੰਦੇ ਨੇਤਰਾਂ ਨਾਲ ਸੁਰਤੀ ਬਿਰਤੀ ਗਗਨ ਚੜ੍ਹੀ ਆਪਣੇ ਹੀ ਰੰਗਾਂ ਵਿਚ ਮਸਤ ਸੀ ਤੇ ਚਿਹਰੇ ਦਾ ਜਲਾਲ ਦੇਖਣ ਵਾਲਾ ਸੀ। ਸੰਗਤਾਂ ਦੇ ਪਾਠ ਸੁਣਾਉਂਦਿਆਂ, ਕਦੀ ਕਦੀ ਨਾਲ ਤੁਕਾਂ ਗੁਣਗੁਣਾਉਣ ਲਗ ਪੈਂਦੇ ਸਨ। "ਹਲੇ ਯਾਰਾਂ ਹਲੇ ਯਾਰਾਂ ਖੁਸ਼ਖਬਰੀ", "ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ"; "ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ" ਤੇ "ਮਰਣੁ ਲਿਖਾਇ ਮੰਡਲ ਮਹਿ ਆਇ" ਗੁਰਬਾਣੀ ਦੀਆਂ ਤੁਕਾਂ ਉਚਾਰਦੇ, ਜੈਕਾਰੇ ਤੇ ਫਤਹ ਬੁਲਾਉਂਦਿਆਂ ਕਹਿੰਦੇ ਕਿ ਚਲੋ ਲੈ ਚਲੋ, ਫਿਰ ਕਹਿੰਦੇ, ਕੀ ਅਜੇ ਨਹੀਂ ਜਾਣਾ, ਹਛਾ।

ਸਰੀਰਕ ਖੇਚਲ ਕੋਈ ਵੀ ਨਹੀਂ ਸੀ, ਪਰ ਸਰੀਰ ਦਾ ਬਲ ਖੀਣ ਹੋ ਰਿਹਾ ਸੀ ਤੇ ਘਟਦਾ ਘਟਦਾ ਇਨਾ ਘਟ ਗਿਆ ਕਿ ੨੨ ਜੁਲਾਈ ਸ਼ਾਮ ਨੂੰ ਨਬਜ਼ ਮਧਮ ਹੋ ਕੇ ੫੨ ਤੇ ਪੁਜ ਗਈ ਸੀ। ੨੩ ਜੁਲਾਈ ਸੋਮਵਾਰ ਦਿਨੇ ਸਾਢੇ ਯਾਰ੍ਹਾਂ ਵਜੇ ਆਪ ਜੀ ਦੇ ਪਾਸ ਜਦ ਜਪਜੀ ਦੀ ੧੫ ਵੀਂ ਪੌੜੀ ਦਾ ਭੋਗ ਪਿਆ ਤਾਂ ਨਾਲ ਹੀ ਪੰਖੇਰੂ ਉਡਾਰੀ ਮਾਰ ਗਿਆ ਅਤੇ ਕੋਲ ਬੈਠਿਆਂ ਨੂੰ ਪਤਾ ਹੀ ਨਾ ਲਗਾ। ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (੮੪੬)

ਆਪ ਦੀ ਦੇਹ ਐਂਬੂਲੈਂਸ ਵਿਚ ਸ੍ਰੀ ਤਰਨ ਤਾਰਨ ਲਿਜਾਈ ਗਈ। ਸ੍ਰੀ ਅੰਮ੍ਰਿਤਸਰ ਤੋਂ ਵੀ ਕਾਫ਼ੀ ਸੰਗਤਾਂ ਉਥੇ ਪੁਜ ਗਈਆਂ। ਅਤੇ ਹੋਰ ਬੇਅੰਤ ਸੰਗਤ ਦਾ ਇਕੱਠ ਹੋ ਗਿਆ। ਇਸ਼ਨਾਨ ਕਰਾ ਕੇ ਪੰਜ ਵਜੇ ਅਰਦਾਸਾ ਕਰ ਕੇ ਆਪ ਦੀ ਅਰਥੀ ਦਾ ਭਾਰੀ ਜਲੂਸ ਦੇ ਨਾਲ, ਸ਼ਬਦ ਕੀਰਤਨ ਦੀ ਅਗਵਾਈ ਵਿਚ, ਸ੍ਰੀ ਦਰਬਾਰ ਸਾਹਿਬ ਤੋਂ ਸਿਰੋਪਾ ਲੈ ਕੇ, ਸ਼ਮਸ਼ਾਨ-ਭੂਮੀ ਵਿਚ ਲਿਜਾ ਕੇ ਸਸਕਾਰ ਕੀਤਾ ਗਿਆ।

ਸਸਕਾਰ ਤੋਂ ਉਪਰੰਤ ਸੰਗਤਾਂ ਵਾਪਸ ਘਰ ਆਈਆਂ ਅਤੇ ਸੋਦਰ ਦਾ ਪਾਠ ਕਰ ਕੇ ਉਸੇ ਵੇਲੇ ਸਹਿਜ ਪਾਠ ਅਰੰਭ ਕਰ ਦਿਤਾ ਗਿਆ। ਉਸ ਵੇਲੇ ਜੋ ਹੁਕਮਨਾਮਾ ਆਇਆ ਉਹ ਬੜੀ ਚੜ੍ਹਦੀ ਕਲਾ ਤੇ ਵਧਾਈ-ਦਾਇਕ ਹੈ, ਜੋ ਇਸ ਪਰਕਾਰ ਹੈ—

ਕਲਿ ਕਲੇਸ ਮਿਟੇ ਹਰਿ ਨਾਇ ॥ ਦੁਖ ਬਿਨਸੇ ਸੁਖ ਕੀਨੋ ਠਾਉ ॥ ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥ ਰਾਮ ਜਪਤ ਜਨ ਪਾਰਿ ਪਰੇ ॥ ਜਨਮ ਜਨਮ ਕੇ ਪਾਪ ਹਰੇ ॥੧॥ ਰਹਾਉ ॥ ਗੁਰ ਕੇ ਚਰਨ ਰਿਦੈ ਉਰਿ ਧਾਰੇ ॥ ਅਗਨਿ ਸਾਗਰ ਤੇ ਉਤਰੇ ਪਾਰੇ ॥ ਜਨਮ ਮਰਣ ਸਭ ਮਿਟੀ ਉਪਾਧਿ ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ ॥ ੨ ॥ ਥਾਨ ਥਨੰਤਰਿ ਏਕੋ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ਕਰਿ ਕਿਰਪਾ ਜਾ ਕਉ ਮਤਿ ਦੇਇ ॥ ਆਠ ਪਹਰ ਪ੍ਰਭ ਕਾ ਨਾਉ ਲੇਇ ॥ ੩ ॥ ਜਾ ਕੈ ਅੰਤਰਿ ਵਸੈ ਪ੍ਰਭੁ ਆਪਿ ॥ ਤਾ ਕੈ ਹਿਰਦੈ ਹੋਇ ਪ੍ਰਗਾਸੁ ॥ ਭਗਤਿ ਭਾਇ ਹਰਿ ਕੀਰਤਨ ਕਰੀਐ ॥ ਜਪਿ ਪਾਰਬ੍ਰਹਮੁ ਨਾਨਕ ਨਿਸਤਰੀਐ ॥੪॥੧੦॥ ਗੋਂਡ ਮਹਲਾ ੫ (ਪੰਨਾ ੮੬੫)

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੇ ਨਾਵਾਂ ਦੀਆਂ ਬੈਂਕ ਵਿਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ—

| | | | |
|---|---|---|---|
| 525. ਗੁਰੂ ਨਾਨਕ ਫ਼ਿਫ਼ਥ ਸੈਂਚਰੀ ਸਕੂਲ | (ਚਿਟ ਨੰ: 3525) | 986219/668/79 | ਮਿਤੀ 24-7-79 |
| 526. ਅਖੰਡ ਕੀਰਤਨੀ ਜਥਾ | ( ,, ,, 3526) | 986220/669/79 | ,, |
| 527. ਸ. ਜੋਗਿੰਦਰ ਸਿੰਘ ਖਾਲਸਾ | ( ,, ,, 3527) | 986221/670/79 | ,, |
| 528. ਸ: ਤ੍ਰਿਲੋਚਨ ਸਿੰਘ ਨਵੀਂ ਦਿੱਲੀ | ( ,, ,, 3528) | 986222/671/79 | ,, |
| 529. ਸ: ਲਖਬੀਰ ਸਿੰਘ ਐਹਮਦਾਬਾਦ | ( ,, ,, 3529) | 986223/672/79 | ,, |
| 530. ਸ: ਕਰਮ ਸਿੰਘ ਤਲਵਾੜ | ( ,, ,, 3530) | 986224/673/79 | ,, |
| 531. ਸ: ਗੁਰਬਿੰਦਰ ਸਿੰਘ ਨਵੀਂ ਦਿੱਲੀ | ( ,, ,, 3531) | 986225/674/79 | ,, |
| 532. ਸ: ਤ੍ਰਿਲੋਚਨ ਸਿੰਘ ਜੰਗਪੁਰਾ ਨਵੀਂ ਦਿੱਲੀ | ( ,, ,, 3532) | 986226/675/79 | ,, |
| 533. ਸ: ਬਲਬੀਰ ਸਿੰਘ ਸੀ. ਪ. ਅਫਸਰ | ( ,, ,, 3533) | 986227/676/79 | ,, |

## ਅਮਾਨਤੀ ਲਾਈਫ਼ ਮੈਂਬਰ ਪ੍ਰਦੇਸ ਲਈ ਰੇਟ

ਯੂ. ਕੇ. ਅਫਰੀਕਾ ਆਦਿ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

ਨੋਟ :—ਜੇ ਕੋਈ ਸਜਣ ਅਮਾਨਤੀ ਲਾਈਫ ਮੈਂਬਰ ਦੀ ਰਕਮ ਪੰਜ ਸਾਲ ਤੋਂ ਪਹਿਲਾਂ ਵਾਪਸ ਲੈਣੀ ਚਾਹੇ ਤਾਂ ਸੂਦ ਵਿਚੋਂ ਬੈਂਕ ਜੋ ਕਟੌਤੀ ਕਰਦਾ ਹੈ ਉਹ ਉਸ ਰਕਮ ਵਿਚੋਂ ਕਟੀ ਜਾਏਗੀ।

---

# ਅਖੰਡ ਕੀਰਤਨੀ ਜਥਾ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

## ਚਲਦਾ ਵਹੀਰ ਦਾ ਅਗਸਤ ਦਾ ਪ੍ਰੋਗਰਾਮ

ਜ਼ਿਲਾ ਗੁਰਦਾਸਪੁਰ—ਅਗਸਤ ੧ ਮਲ੍ਹੀਆਂ ਪਕੀਆਂ (ਕਾਹਨੂੰਵਾਣ ਤੋਂ ਬਟਾਲਾ ਰੋਡ), ੨ ਤੋਂ ੫ ਸ੍ਰੀ ਅਖੰਡਪਾਠ ਤੇ ਕੀਰਤਨ ਦੁਪਹਿਰ ਤਕ (ਐਤਵਾਰ ਨੂੰ) ਭਾਈ ਜਸਾ ਲਖਾ ਸਿੰਘ ਵਜ਼ੀਰ ਭੁੱਲਰ ਵਾਲੇ (ਅੰਮ੍ਰਿਤਸਰ ਤੋਂ ਜਲੰਧਰ ਰੋਡ ਮਖਣਸ਼ਾਹ ਲੁਬਾਣਾ ਮਾਰਗ ਗੇਟ ਦੇ ਸਾਹਮਣੇ) ੬ ਬਾਬਾ ਬਕਾਲਾ, ੭ ਮਚਰਾਹ (ਘੁਮਾਣਾਂ ਲਾਗੇ), ੮ ਤੋਂ ੧੦ ਵੀਲਾ ਵਜੂ(ਘੁਮਾਣਾਂ ਦੇ ਸਾਹਮਣੇ ਸ੍ਰੀ ਹਰਿਗੋਬਿੰਦ ਰੋਡ) ਸ੍ਰੀ ਅਖੰਡਪਾਠ ਤੇ ਕੀਰਤਨ,੧੧ ਬੁਟਰ ਕਲਾਂ ਸ: ਅਮਰ ਸਿੰਘ ਦੇ ਗ੍ਰਿਹਿ ਰੈਣ ਸਬਾਈ ਕੀਰਤਨ, ੧੩ ਬਹਾਦਰ ਸੈਨ (ਬਟਾਲਾ—ਸ੍ਰੀ ਹਰਿਗੋਬਿੰਦ ਪੁਰ ਰੋਡ ਤਿੰਨ ਮੀਲ ਤੇ), ੧੫ ਮਹਿਤੇ ਰੈਣ ਸਬਾਈ ਕੀਰਤਨ, ੧੭ ਸ: ਅਰਬੇਲ ਸਿੰਘ ਦੇ ਗ੍ਰਿਹਿ 10/43 ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ੧੮ ਨਾਰੰਗਵਾਲ ਜ਼ਿਲਾ ਲੁਧਿਆਣਾ ਗੁਰਦੁਆਰਾ ਅਕਾਲੀ ਬੁੰਗਾ ਰੈਣ ਸਬਾਈ ਕੀਰਤਨ, ੨੦ ਤੋਂ ੨੪ ਜ਼ਿਲਾ ਅੰਮ੍ਰਿਤਸਰ ਵਿਖੇ। ੨੫ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਵੈਸਾਖੀ ਦੇ ਸ਼ਹੀਦਾਂ ਸਿੰਘਾਂ ਦੇ ਸਸਕਾਰ ਅਸਥਾਨ ਤੇ, ੩੦ ਅਗਸਤ ਤੋਂ ੨ ਸਤੰਬਰ ਸਵੇਰ ਤਕ ਬਟਾਲਾ ਸਮਾਗਮ।

ਨੋਟ :—ਬਾਰਸ਼ਾਂ ਕਰਕੇ ਲੋੜ ਤੇ ਹਾਲਾਤ ਅਨੁਸਾਰ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ। ਪ੍ਰੋਗਰਾਮ ਦਾ ਸਮਾਂ ਸ਼ਾਮ ੮ ਤੋਂ ੧੧ ਤੇ ਸਵੇਰੇ ਨਿਤਨੇਮ ਅਭਿਆਸ ਤੋਂ ਬਾਅਦ ਕੀਰਤਨ ਆਸਾ ਦੀ ਵਾਰ ੫ ਤੋਂ ੮ ਵਜੇ ਤਕ।

ਦਾਸਰੇ—ਅਖੰਡ ਕੀਰਤਨੀ ਜਥਾ ਸ੍ਰੀ ਅੰਮ੍ਰਿਤਸਰ

www.AKJ.Org

# ਅੰਬਾਲਾ ਸ਼ਹਿਰ ਦੇ ਇਤਿਹਾਸਕ ਗੁਰ-ਅਸਥਾਨਾਂ ਵਿਖੇ ਗੁਰਮਤਿ ਸਮਾਗਮ

## ਵੀਰਵਾਰ ਸਵੇਰੇ 9 ਤੋਂ 12 ਅਗਸਤ ਐਤਵਾਰ ਸਵੇਰ ਤਕ

ਪੰਥ ਰਤਨ ਗੁਰਪੁਰਵਾਸੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਸਮੂਹ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓਂ ਗੁਰਦਵਾਰਾ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਪੁਜ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ਤੇ ਹਰਿ ਜਸ ਦੇ ਲਾਹੇ ਪ੍ਰਾਪਤ ਕਰੋ ਜੀ ।

### –ਃ ਪ੍ਰੋਗਰਾਮ ਃ–

੯ ਅਗਸਤ ਸਵੇਰੇ ੪॥ ਤੋਂ ੭॥ ਕੀਰਤਨ ਆਸਾ ਦੀ ਵਾਰ ਤੇ ਅਰੰਭ ਅਖੰਡਪਾਠ — ਗੁਰਦਵਾਰਾ ਮੰਜੀ ਸਾਹਿਬ
,, ਸ਼ਾਮ ੭॥ ਤੋਂ ੯॥ ਚੌਕੀ ਸੋਦਰ ਤੇ ਕੀਰਤਨ — ਗੁ: ਸੀਸਗੰਜ ਅੰਬਾਲਾ ਸ਼ਹਿਰ
੧੦ ਅਗਸਤ ਸਵੇਰੇ ੫ ਤੋਂ ੧੨ ਆਸਾ ਦੀ ਵਾਰ ਤੇ ਅਖੰਡ ਕੀਰਤਨ — ਗੁ: ਪੰਜੋਖਰਾ ਸਾਹਿਬ
ਸ਼ਾਮ ੭॥ ਤੋਂ ੯॥ ਚੌਕੀ ਸੋਦਰ ਤੇ ਕੀਰਤਨ — ਗੁ: ਗੋਬਿੰਦਪੁਰਾ ਪਾ: ੧੦ ਅੰਬਾਲਾ ਸ਼ਹਿਰ
੧੧ ਅਗਸਤ ਸਵੇਰੇ ੫ ਤੋਂ ੧ ਵਜੇ ਦੁਪਹਿਰ ਤਕ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ — ਗੁ: ਮੰਜੀ ਸਾਹਿਬ
,, ਸ਼ਾਮ ੪ ਵਜੇ ਅਰੰਭ ਅੰਮ੍ਰਿਤ ਸਿੰਚਾਰ — ,, ,, ,,
,, ਰਾਤ ੮ ਵਜੇ ਅਰੰਭ ਰੈਣ ਸਬਾਈ, ਸਮਾਪਤੀ ੧੨ ਅਗਸਤ ਐਤਵਾਰ ਸਵੇਰੇ ੭ ਵਜੇ — ,, ,, ,,

ਨੋਟ:–੧. ਰਿਹਾਇਸ਼ ਦਾ ਪਰਬੰਧ ਗੁਰੂ ਹਰਿਗੋਬਿੰਦ ਸਾਹਿਬ ਹਾਈ ਸਕੂਲ ਮੰਜੀ ਸਾਹਿਬ ਅੰਬਾਲਾ ਸ਼ਹਿਰ ਵਿਖੇ ਹੋਵੇਗਾ ।
੨. ਬਿਸਤਰੇ ਲੋੜ ਅਨੁਸਾਰ ਨਾਲ ਲਿਆਓ ਜੀ ।
੩. ਬਾਰਸ਼ ਦੀ ਸੂਰਤ ਵਿਚ ੧੦ ਅਗਸਤ ਸਵੇਰ ਦਾ ਪ੍ਰੋਗਰਾਮ ਬਦਲ ਸਕਦਾ ਹੈ ।
੪. ਅੰਬਾਲਾ ਸਹਿਰ ਦੇ ਸਮੂਹ ਇਤਿਹਾਸਕ ਗੁਰਦਵਾਰਿਆਂ ਦੇ ਦਰਸ਼ਨ ਹੋਣਗੇ ।

ਪੁਛਗਿਛ—2416 ਡੀ. ਸੀ. ਰੋਡ ਅੰਬਾਲਾ ਛਾਉਣੀ — ਦਾਸਰੇ—ਅਖੰਡ ਕੀਰਤਨੀ ਜਥਾ, ਅੰਬਾਲਾ ਛਾਉਣੀ
ਮੈਨੇਜਰ, ਗੁ: ਪ੍ਰ: ਕਮੇਟੀ, ਮੰਜੀ ਸਾਹਿਬ, ਅੰਬਾਲਾ ਸਹਿਰ ਫੋਨ : 56195

---

# ਬਟਾਲਾ (ਗੁਰਦਾਸਪੁਰ) ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

## ਵਿਆਹ ਪੁਰਬ ਵੀਰਵਾਰ 30 ਅਗਸਤ ਤੋਂ 2 ਸਤੰਬਰ 79 ਐਤਵਾਰ ਸਵੇਰ ਤਕ

ਹਰ ਸਾਲ ਵਾਂਗ ਸ੍ਰੀ ਗੁਰੂਨਾਨਕ ਦੇਵ ਜੀ ਦੇ ਵਿਆਹ ਪੁਰਬ ਸਮੇਂ ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ ਹੋ ਰਹੇ ਹਨ । ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰੋਂ ਨੇੜਿਓ ਪੁਜ ਰਹੇ ਹਨ । ਸਰਬੱਤ ਪਿਆਰੇ ਪੁਜ ਕੇ ਕੀਰਤਨ ਧੁਨਾਂ ਦੇ ਅਨੰਦ ਮਾਣੋ ਜੀ ।

### –ਃ ਪ੍ਰੋਗਰਾਮ ਃ–

੩੦ ਅਗਸਤ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਅਤੇ ਅਰੰਭ ਸ੍ਰੀ ਅਖੰਡਪਾਠ
੩੧ ਅਗਸਤ ਸਵੇਰੇ ੫ ਤੋਂ ੧੧ ਆਸਾ ਦੀ ਵਾਰ ਤੇ ਅਖੰਡ ਕੀਰਤਨ
ਸਾਮ ੮ ਤੋ ੧੦ ਸੋਦਰ ਦੀ ਚੌਕੀ ਤੇ ਅਖੰਡ ਕੀਰਤਨ
੧ ਸਤੰਬਰ ਸਵੇਰੇ ੫॥ ਤੋਂ ੧੨ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ
ਸ਼ਾਮ ੪ ਵਜੇ ਅਰੰਭ ਅੰਮ੍ਰਿਤ-ਸਿੰਚਾਰ
ਰਾਤ ੮ ਵਜੇ ਅਰੰਭ ਰੈਣ ਸਬਾਈ, ਸਮਾਪਤੀ ੨ ਸਤੰਬਰ ਐਤਵਾਰ ਸਵੇਰੇ ੭ ਵਜੇ

ਸਾਰੇ ਪ੍ਰੋਗਰਾਮ ਗੁਰੂ ਨਾਨਕ ਖਾ: ਹਾ: ਸੈ: ਸਕੂਲ ਜੀ. ਟੀ. ਰੋਡ ਗੁਰੂ ਨਾਨਕ ਨਗਰ ਬਟਾਲਾ ਵਿਖੇ ਹੋਵੇਗਾ ।

ਨੋਟ :– ਵਿਆਹ ਪੁਰਬ ਸਮਾਗਮ ਤੇ ਵਧ ਤੋਂ ਵਧ ਜੋੜੇ ਅਨੰਦ ਕਾਰਜਾਂ ਲਈ ਪੁਜੋ ਜੀ ।

ਦਰਸ਼ਨ ਅਭਿਲਾਖੀ—ਅਖੰਡ ਕੀਰਤਨੀ ਜੱਥਾ, ਜ਼ਿਲਾ ਗੁਰਦਾਸਪੁਰ

---

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org